@Qpatrika
@qaumipatrika punjabi
instagram.com/qaumipatrika

Largest Circulated

विश्व भर में सबसे ज्यादा पढ़ा जाने वाला

ਕੌਮੀ ਪੜ੍ਹਿਕਾ

Punjabi National Daily

Qaumi Patrika NO.1

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Tuesday, 22 July 2025

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਮੰਗਲਵਾਰ 22 ਜੁਲਾਈ 2025, 7 ਸਾਵਣ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 43, ਅੰਕ 252, qpatrika@gmail.com ਫੋਨ : 9971359517 www.qaumipatrika.org

ਉਪ-ਰਾਸ਼ਟਰਪਤੀ ਜਗਦੀਪ ਧਨਖੜ ਨੇ ਦਿੱਤਾ ਅਸਤੀਫਾ

ਕੌਮੀ ਪੜ੍ਹਿਕਾ

ਨੈਸ਼ਨਲ ਡੈਸਕ 21 ਜੁਲਾਈ। ਭਾਰਤ ਦੇ ਉਪ ਰਾਸ਼ਟਰਪਤੀ ਜਗਦੀਪ ਧਨਖੜ ਨੇ ਤੁਰੰਤ ਪ੍ਰਭਾਵ ਨਾਲ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਰਾਸ਼ਟਰਪਤੀ ਦ੍ਰੌਪਦੀ ਮੁਰਮੂ ਨੂੰ ਲਿਖੇ ਇੱਕ ਪੱਤਰ ਵਿੱਚ ਉਨ੍ਹਾਂ ਨੇ ਸਿਹਤ ਕਾਰਨਾਂ ਅਤੇ ਡਾਕਟਰੀ ਸਲਾਹ ਦਾ ਹਵਾਲਾ ਦਿੰਦੇ ਹੋਏ ਸੰਵਿਧਾਨ ਦੀ ਧਾਰਾ 67 (ਏ) ਦੇ ਤਹਿਤ ਆਪਣੇ ਅਸਤੀਫੇ ਦਾ ਐਲਾਨ ਕੀਤਾ। ਰਾਸ਼ਟਰਪਤੀ ਮੁਰਮੂ ਨੂੰ ਲਿਖੇ

ਆਪਣੇ ਅਸਤੀਫੇ ਵਿੱਚ ਜਗਦੀਪ ਧਨਖੜ ਨੇ ਲਿਖਿਆ, 'ਸਿਹਤ ਨੂੰ ਪਹਿਲ ਦਿੰਦੇ ਹੋਏ ਅਤੇ ਡਾਕਟਰੀ ਸਲਾਹ ਦੀ ਪਾਲਣਾ ਕਰਦੇ ਹੋਏ, ਮੈਂ ਤੁਰੰਤ ਪ੍ਰਭਾਵ ਨਾਲ ਭਾਰਤ ਦੇ ਉਪ ਰਾਸ਼ਟਰਪਤੀ ਦੇ ਅਹੁਦੇ ਤੋਂ ਅਸਤੀਫਾ ਦੇ ਰਿਹਾ ਹਾਂ।' ਉਨ੍ਹਾਂ ਰਾਸ਼ਟਰਪਤੀ ਦਾ ਉਨ੍ਹਾਂ ਦੇ ਸਹਿਯੋਗ ਅਤੇ ਸੁਹਿਰਦ ਸਬੰਧਾਂ ਲਈ ਧੰਨਵਾਦ ਕੀਤਾ। ਉਨ੍ਹਾਂ ਪ੍ਰਧਾਨ ਮੰਤਰੀ ਅਤੇ ਮੰਤਰੀ ਪ੍ਰੀਸ਼ਦ ਦਾ ਵੀ ਉਨ੍ਹਾਂ ਦੇ ਸਹਿਯੋਗ ਅਤੇ ਮਾਰਗਦਰਸ਼ਨ ਲਈ ਧੰਨਵਾਦ ਕੀਤਾ।

ਸੈਸ਼ਨ ਦੌਰਾਨ ਸ਼ੁਭਾਂਸ਼ੂ ਸ਼ੁਕਲਾ ਦਾ ਨਾਮ ਲੈਂਦੇ ਹੀ ਲੋਕ ਸਭਾ 'ਚ ਵੱਜੀਆਂ ਤਾੜੀਆਂ

ਨਵੀਂ ਦਿੱਲੀ 21 ਜੁਲਾਈ। ਲੋਕ ਸਭਾ ਨੇ ਸੋਮਵਾਰ ਨੂੰ ਮਾਨਸੂਨ ਸੈਸ਼ਨ ਦੇ ਪਹਿਲੇ ਦਿਨ ਪੁਲਾੜ ਯਾਤਰੀ ਸ਼ੁਭਾਂਸ਼ੂ ਸ਼ੁਕਲਾ ਅਤੇ ਭਾਰਤੀ ਪੁਲਾੜ ਖੋਜ ਸੰਗਠਨ (ਇਸਰੋ) ਨੂੰ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ ਦੀ ਸਫਲ ਯਾਤਰਾ ਲਈ ਵਿਸ਼ੇਸ਼ ਤੌਰ 'ਤੇ ਵਧਾਈ ਦਿੱਤੀ। ਲੋਕ ਸਭਾ ਸਪੀਕਰ ਓਮ ਬਿਰਲਾ ਨੇ ਸਵੇਰੇ 11 ਵਜੇ ਸਦਨ ਦੀ ਕਾਰਵਾਈ ਸ਼ੁਰੂ ਹੋਣ 'ਤੇ ਸਾਰੇ ਮੈਂਬਰਾਂ ਵੱਲੋਂ ਇਸਰੋ ਅਤੇ ਸ਼੍ਰੀ ਸ਼ੁਕਲਾ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਮੈਂਬਰਾਂ ਦੀਆਂ ਭਾਵਨਾਵਾਂ ਅਨੁਸਾਰ ਇਸ ਮੁੱਦੇ 'ਤੇ ਸਦਨ ਵਿੱਚ ਵੀ ਚਰਚਾ ਕੀਤੀ ਜਾਵੇਗੀ। ਇਸ ਦੇ ਨਾਲ ਹੀ ਉਨ੍ਹਾਂ ਨੇ ਕਿਹਾ, ਮੈਂ ਭਾਰਤੀ ਪੁਲਾੜ ਖੋਜ ਸੰਗਠਨ ਅਤੇ ਭਾਰਤੀ ਪੁਲਾੜ ਯਾਤਰੀ ਸ਼ੁਭਾਂਸ਼ੂ ਸ਼ੁਕਲਾ ਨੂੰ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ ਦੇ ਪਹਿਲੇ ਸਫਲ ਮਿਸ਼ਨ ਲਈ ਸਦਨ ਵੱਲੋਂ ਹਾਰਦਿਕ ਵਧਾਈਆਂ ਦਿੰਦਾ ਹਾਂ। ਮੈਂਬਰਾਂ ਦੀਆਂ ਭਾਵਨਾਵਾਂ ਅਨੁਸਾਰ ਇਸ ਸੈਸ਼ਨ ਵਿੱਚ ਇਸ ਵਿਸ਼ੇ 'ਤੇ ਵਿਆਪਕ ਚਰਚਾ ਵੀ ਹੋਵੇਗੀ। ਦੱਸ ਦੇਈਏ ਕਿ ਸੰਸਦ ਦੀ ਕਾਰਵਾਈ ਜਿਵੇਂ ਹੀ ਸ਼ੁਰੂ ਹੋਈ, ਉਸ ਸਮੇਂ ਓਮ ਬਿਰਲਾ ਨੇ ਭਾਰਤੀ ਪੁਲਾੜ ਯਾਤਰੀ ਸ਼ੁਭਾਂਸ਼ੂ ਦਾ ਨਾਮ ਲੈਂਦੇ ਹੋਏ ਉਹਨਾਂ ਨੂੰ ਵਧਾਈ ਦਿੱਤੀ, ਜਿਸ ਤੋਂ ਬਾਅਦ ਸਦਨ ਵਿੱਚ ਤਾੜੀਆਂ ਦੀ ਗੂੰਜ ਉੱਠੀ। ਸਾਰੇ ਸੰਸਦ ਮੈਂਬਰਾਂ ਨੇ ਸ਼ੁਭਾਂਸ਼ੂ ਸ਼ੁਕਲਾ ਲਈ ਇੱਕ ਸੁਰ ਵਿੱਚ ਤਾੜੀਆਂ ਵਜਾਈਆਂ ਅਤੇ ਖ਼ੁਸ਼ੀ ਜ਼ਾਹਿਰ ਕੀਤੀ।

ਆਪ੍ਰੇਸ਼ਨ ਸਿੰਦੂਰ ਦੌਰਾਨ ਭਾਰਤ-ਪਾਕਿ ਜੰਗਬੰਦੀ 'ਤੇ ਟਰੰਪ ਦੇ ਦਾਅਵੇ ਦੇਸ਼ ਲਈ 'ਅਪਮਾਨਜਨਕ': ਮਲਿਕਾਰਜੁਨ ਖੜਗੇ

ਕੌਮੀ ਪੜ੍ਹਿਕਾ
ਸਿੰਮੀ ਕੌਰ ਬੱਬਰ

ਨਵੀਂ ਦਿੱਲੀ 21 ਜੁਲਾਈ। ਰਾਜ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਮਲਿਕਾਰਜੁਨ ਖੜਗੇ ਨੇ ਸੋਮਵਾਰ ਨੂੰ ਸਾਬਕਾ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਉਸ ਦਾਅਵੇ ਨੂੰ ਦੇਸ਼ ਲਈ ਅਪਮਾਨਜਨਕ ਦੱਸਿਆ ਕਿ, ਜਿਸ ਵਿਚ ਉਨ੍ਹਾਂ ਨੇ ਮਈ ਵਿੱਚ 'ਆਪ੍ਰੇਸ਼ਨ ਸਿੰਦੂਰ' ਦੌਰਾਨ ਭਾਰਤ ਅਤੇ ਪਾਕਿਸਤਾਨ ਵਿਚਕਾਰ ਜੰਗਬੰਦੀ ਦੀ ਵਿਚੋਲਗੀ ਕੀਤੀ ਸੀ। ਖੜਗੇ ਨੇ ਇਸ 'ਤੇ ਸਰਕਾਰ ਤੋਂ ਸਪੱਸ਼ਟ ਬਿਆਨ ਦੀ ਮੰਗ ਕੀਤੀ। ਰਾਜ ਸਭਾ ਵਿੱਚ ਜ਼ੀਰੋ ਆਵਰ ਦੌਰਾਨ ਇਹ ਮੁੱਦਾ ਉਠਾਉਂਦੇ ਹੋਏ ਖੜਗੇ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੋਂ ਜਵਾਬ ਮੰਗਿਆ। ਉਨ੍ਹਾਂ ਕਿਹਾ ਕਿ ਕਾਂਗਰਸ ਅਤੇ ਵਿਰੋਧੀ ਪਾਰਟੀਆਂ ਨੇ ਪਹਿਲਗਾਮ ਅੱਤਵਾਦੀ ਹਮਲੇ ਅਤੇ 'ਆਪ੍ਰੇਸ਼ਨ ਸਿੰਦੂਰ' ਨਾਲ ਸਬੰਧਤ ਹਾਲਾਤਾਂ 'ਤੇ ਚਰਚਾ ਲਈ ਪ੍ਰਧਾਨ ਮੰਤਰੀ ਤੋਂ ਸਪੱਸ਼ਟੀਕਰਨ ਮੰਗਿਆ ਹੈ। ਵਿਰੋਧੀ ਧਿਰ ਦੇ ਮੈਂਬਰਾਂ ਨੇ ਸਦਨ ਵਿੱਚ ਇਸ ਮੁੱਦੇ 'ਤੇ ਵੀ ਹੰਗਾਮਾ ਕੀਤਾ, ਜਿਸ ਕਾਰਨ ਕਾਰਵਾਈ ਸਵੇਰੇ 11:46 ਵਜੇ ਤੋਂ ਦੁਪਹਿਰ 12 ਵਜੇ ਤੱਕ ਮੁਲਤਵੀ ਕਰਨੀ ਪਈ। ਜਦੋਂ ਸਦਨ ਦੁਪਹਿਰ 12 ਵਜੇ ਪ੍ਰਸ਼ਨ ਕਾਲ ਲਈ ਮੁੜ ਸ਼ੁਰੂ ਹੋਇਆ, ਤਾਂ ਕਾਂਗਰਸ ਮੈਂਬਰਾਂ ਨੇ ਆਪਣੀ ਮੰਗ 'ਤੇ ਹੰਗਾਮਾ ਕੀਤਾ ਅਤੇ ਫਿਰ ਸਦਨ ਤੋਂ ਵਾਕਆਊਟ ਕਰ ਦਿੱਤਾ। ਖੜਗੇ ਨੇ ਕਿਹਾ, ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ 24 ਵਾਰ ਕਹਿ ਚੁੱਕੇ ਹਨ ਕਿ ਉਨ੍ਹਾਂ ਨੇ ਭਾਰਤ ਅਤੇ ਪਾਕਿਸਤਾਨ ਵਿਚਕਾਰ ਜੰਗਬੰਦੀ ਦੀ ਵਿਚੋਲਗੀ ਕੀਤੀ। ਇਹ ਦੇਸ਼ ਲਈ ਅਪਮਾਨਜਨਕ ਹੈ। ਸਰਕਾਰ ਨੂੰ ਇਸ 'ਤੇ ਆਪਣੀ ਸਥਿਤੀ ਸਪੱਸ਼ਟ ਕਰਨੀ ਚਾਹੀਦੀ ਹੈ। ਖੜਗੇ ਨੇ ਦੋਸ਼ ਲਗਾਇਆ ਕਿ 22 ਅਪ੍ਰੈਲ ਨੂੰ ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ, ਹਮਲਾਵਰਾਂ ਨੂੰ ਨਾ ਤਾਂ ਅੱਜ ਤੱਕ ਫੜਿਆ ਗਿਆ ਹੈ ਅਤੇ ਨਾ ਹੀ ਮਾਰਿਆ ਗਿਆ ਹੈ। ਜੰਮੂ-ਕਸ਼ਮੀਰ ਦੇ ਉਪ ਰਾਜਪਾਲ ਮਨੋਜ ਸਿਨਹਾ ਨੇ ਖੁਦ ਇਸ ਹਮਲੇ ਵਿੱਚ ਸੁਰੱਖਿਆ ਖਾਮੀਆਂ ਨੂੰ ਸਵੀਕਾਰ ਕੀਤਾ ਹੈ। ਕਾਂਗਰਸ ਪ੍ਰਧਾਨ ਨੇ ਕਿਹਾ ਕਿ ਦੇਸ਼ ਦੀ ਸੁਰੱਖਿਆ ਸਭ ਤੋਂ ਮਹੱਤਵਪੂਰਨ ਹੈ ਅਤੇ ਇਸ ਲਈ ਸਾਰੀਆਂ ਪਾਰਟੀਆਂ ਨੇ ਸਰਕਾਰ ਨੂੰ ਬਿਨਾਂ ਸ਼ਰਤ ਸਮਰਥਨ ਦਿੱਤਾ ਹੈ। ਉਨ੍ਹਾਂ ਕਿਹਾ, ਅਜਿਹੀ ਸਥਿਤੀ ਵਿੱਚ ਅਸੀਂ ਸਰਕਾਰ ਤੋਂ ਜਾਣਨਾ ਚਾਹੁੰਦੇ ਹਾਂ ਕਿ ਪੂਰੀ ਸਥਿਤੀ ਕੀ ਹੈ? ਉਨ੍ਹਾਂ ਮੰਗ ਕੀਤੀ ਕਿ ਪਹਿਲਗਾਮ ਹਮਲੇ, 'ਆਪ੍ਰੇਸ਼ਨ ਸਿੰਦੂਰ', ਸੁਰੱਖਿਆ ਖਾਮੀਆਂ ਅਤੇ ਵਿਦੇਸ਼ ਨੀਤੀ 'ਤੇ ਦੋ ਦਿਨਾਂ ਚਰਚਾ ਹੋਣੀ ਚਾਹੀਦੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਚੀਫ਼ ਆਫ਼ ਡਿਫੈਂਸ ਸਟਾਫ਼ (ਸੀਡੀਐਸ), ਡਿਪਟੀ ਆਰਮੀ ਚੀਫ਼ ਅਤੇ ਇੱਕ ਸੀਨੀਅਰ ਰੱਖਿਆ ਅਧਿਕਾਰੀ ਨੇ 'ਆਪ੍ਰੇਸ਼ਨ ਸਿੰਦੂਰ' ਬਾਰੇ ਕੁਝ ਖੁਲਾਸੇ ਕੀਤੇ ਹਨ, ਜਿਸ 'ਤੇ ਸਰਕਾਰ ਨੂੰ ਆਪਣੀ ਸਥਿਤੀ ਸਪੱਸ਼ਟ ਕਰਨੀ ਚਾਹੀਦੀ ਹੈ। ਇਸ ਤੋਂ ਇਲਾਵਾ ਸਰਕਾਰ ਨੂੰ ਟਰੰਪ ਦੇ ਜੰਗਬੰਦੀ ਦੇ ਦਾਅਵੇ 'ਤੇ ਸਥਿਤੀ ਸਪੱਸ਼ਟ ਕਰਨੀ ਚਾਹੀਦੀ ਹੈ ਕਿਉਂਕਿ ਇਹ ਦੇਸ਼ ਲਈ 'ਅਪਮਾਨਜਨਕ' ਹੈ। ਰਾਜ ਸਭਾ ਵਿੱਚ ਕਾਂਗਰਸ ਸਮੇਤ ਕਈ ਵਿਰੋਧੀ ਪਾਰਟੀਆਂ ਨੇ ਨਿਯਮ 267 ਦੇ ਤਹਿਤ ਮੁਲਤਵੀ ਨੋਟਿਸ ਦਿੱਤਾ ਸੀ ਅਤੇ ਦਿਨ ਦੇ ਨਿਰਧਾਰਤ ਕੰਮਕਾਜ ਨੂੰ ਮੁਲਤਵੀ ਕਰਕੇ ਇਨ੍ਹਾਂ ਮੁੱਦਿਆਂ 'ਤੇ ਚਰਚਾ ਦੀ ਮੰਗ ਕੀਤੀ ਸੀ। ਖੜਗੇ ਦੀ ਮੰਗ 'ਤੇ ਸਦਨ ਦੇ ਨੇਤਾ ਅਤੇ ਕੇਂਦਰੀ ਮੰਤਰੀ ਜੇ.ਪੀ. ਨੱਡਾ ਨੇ ਕਿਹਾ ਕਿ ਸਰਕਾਰ 'ਆਪ੍ਰੇਸ਼ਨ ਸਿੰਦੂਰ' ਨਾਲ ਸਬੰਧਤ ਸਾਰੇ ਮੁੱਦਿਆਂ 'ਤੇ ਚਰਚਾ ਕਰਨ ਲਈ ਤਿਆਰ ਹੈ ਅਤੇ ਉਹ ਕਿਸੇ ਵੀ ਬਹਿਸ ਤੋਂ ਪਿੱਛੇ ਨਹੀਂ ਹਟ ਰਹੀ ਹੈ। ਚੇਅਰਮੈਨ ਜਗਦੀਪ ਧਨਖੜ ਨੇ ਇਹ ਵੀ ਭਰੋਸਾ ਦਿੱਤਾ ਕਿ ਮੈਂਬਰਾਂ ਦੀ ਇੱਛਾ ਅਨੁਸਾਰ ਇਸ ਮੁੱਦੇ 'ਤੇ ਸਦਨ ਵਿੱਚ ਵਿਸਥਾਰ ਨਾਲ ਚਰਚਾ ਕੀਤੀ ਜਾਵੇਗੀ। ਉਹ ਇਸ ਬਾਰੇ ਵੱਖ-ਵੱਖ ਪਾਰਟੀਆਂ ਦੇ ਆਗੂਆਂ ਨਾਲ ਗੱਲ ਕਰਨਗੇ। 22 ਅਪ੍ਰੈਲ ਨੂੰ ਜੰਮੂ-ਕਸ਼ਮੀਰ ਦੇ ਪਹਿਲਗਾਮ ਵਿੱਚ ਹੋਏ ਅੱਤਵਾਦੀ ਹਮਲੇ ਤੋਂ ਬਾਅਦ ਭਾਰਤੀ ਫੌਜ ਨੇ 7 ਮਈ ਨੂੰ 'ਆਪ੍ਰੇਸ਼ਨ ਸਿੰਦੂਰ' ਸ਼ੁਰੂ ਕੀਤਾ।

ਪਹਿਲਗਾਮ ਵਿੱਚ ਹੋਏ ਅੱਤਵਾਦੀ ਹਮਲੇ ਵਿੱਚ 26 ਲੋਕ ਮਾਰੇ ਗਏ ਸਨ। ਤਿੰਨਾਂ ਫੌਜਾਂ ਦੇ ਤਾਲਮੇਲ ਵਾਲੇ ਆਪ੍ਰੇਸ਼ਨ 'ਆਪ੍ਰੇਸ਼ਨ ਸਿੰਦੂਰ' ਦਾ ਉਦੇਸ਼ ਪੇਸ਼ੇਵਰ ਅਤੇ ਉਦੇਸ਼ਪੂਰਨ ਕਾਰਵਾਈ ਰਾਹੀਂ ਕੰਟਰੋਲ ਰੇਖਾ ਦੇ ਪਾਰ ਅਤੇ ਪਾਕਿਸਤਾਨ ਦੇ ਅੰਦਰ ਅੱਤਵਾਦੀ ਢਾਂਚੇ ਨੂੰ ਖਤਮ ਕਰਨਾ ਸੀ। 10 ਮਈ ਨੂੰ ਜੰਗਬੰਦੀ ਦਾ ਐਲਾਨ ਕੀਤਾ ਗਿਆ ਸੀ। ਅਮਰੀਕੀ ਰਾਸ਼ਟਰਪਤੀ ਟਰੰਪ ਨੇ ਪਿਛਲੇ ਕੁਝ ਹਫ਼ਤਿਆਂ ਵਿੱਚ ਕਈ ਵਾਰ ਦਾਅਵਾ ਕੀਤਾ ਹੈ ਕਿ ਉਨ੍ਹਾਂ ਨੇ ਮਈ ਵਿੱਚ ਭਾਰਤ ਅਤੇ ਪਾਕਿਸਤਾਨ ਵਿਚਕਾਰ ਫੌਜੀ ਟਕਰਾਅ ਨੂੰ ਇੱਕ ਵਪਾਰ ਸਮਝੌਤੇ ਰਾਹੀਂ ਹੱਲ ਕੀਤਾ ਸੀ। ਦੂਜੇ ਪਾਸੇ, ਭਾਰਤ ਦਾ ਕਹਿਣਾ ਹੈ ਕਿ

ਸਰਕਾਰ ਵੱਧ ਤੋਂ ਵੱਧ ਗਰੀਬਾਂ, ਬਜ਼ੁਰਗਾਂ ਅਤੇ ਪਛੜੇ ਵਰਗਾਂ ਨੂੰ ਵਿੱਤੀ ਮਦਦ ਪ੍ਰਦਾਨ ਕਰੇਗੀ: ਮੁੱਖ ਮੰਤਰੀ ਰੇਖਾ ਗੁਪਤਾ

ਕੌਮੀ ਪੜ੍ਹਿਕਾ
ਨਰੇਸ਼ ਮਲਹੋਤਰਾ

ਨਵੀਂ ਦਿੱਲੀ, 21 ਜੁਲਾਈ: ਮੁੱਖ ਮੰਤਰੀ ਰੇਖਾ ਗੁਪਤਾ ਨੇ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਉਂਦੇ ਹੋਏ ਕਿਹਾ ਕਿ ਉਨ੍ਹਾਂ ਦੀ ਸਰਕਾਰ ਗਰੀਬਾਂ, ਬਜ਼ੁਰਗਾਂ ਅਤੇ ਸਰਕਾਰੀ ਵਿੱਤੀ ਸਹਾਇਤਾ ਪ੍ਰਾਪਤ ਕਰਨ ਵਾਲਿਆਂ ਦੀ ਭਲਾਈ ਲਈ ਪੂਰੀ ਤਰ੍ਹਾਂ ਸਮਰਪਿਤ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਵਰਗਾਂ ਲਈ ਚਲਾਈਆਂ ਜਾ ਰਹੀਆਂ ਸਾਰੀਆਂ ਮੌਜੂਦਾ ਯੋਜਨਾਵਾਂ ਦੀ ਮੁੜ ਜਾਂਚ ਕੀਤੀ ਜਾਵੇਗੀ, ਤਾਂ ਜੋ ਸਹਾਇਤਾ ਯੋਗ ਲਾਭਪਾਤਰੀਆਂ ਤੱਕ ਪਹੁੰਚੇ ਅਤੇ ਅਯੋਗ ਵਿਅਕਤੀਆਂ ਨੂੰ ਯੋਜਨਾਵਾਂ ਤੋਂ ਬਾਹਰ ਰੱਖਿਆ ਜਾ ਸਕੇ। ਮੁੱਖ ਮੰਤਰੀ ਦਾ ਕਹਿਣਾ ਹੈ ਕਿ ਅਪਾਹਜਾਂ ਨੂੰ ਡਿਜੀਟਲ ਕਾਰਡ ਦੇਣ ਦੀ ਪ੍ਰਕਿਰਿਆ ਜਲਦੀ ਸ਼ੁਰੂ ਕੀਤੀ ਜਾਵੇਗੀ। ਮੁੱਖ ਮੰਤਰੀ ਦਾ ਕਹਿਣਾ ਹੈ ਕਿ ਪਿਛਲੀ ਸਰਕਾਰ ਨੇ ਇਸ ਵਰਗ ਨਾਲ ਧੋਖਾ ਕੀਤਾ ਹੈ, ਪਰ ਹੁਣ ਅਜਿਹਾ ਨਹੀਂ ਹੋਣ ਦਿੱਤਾ ਜਾਵੇਗਾ। ਮੁੱਖ ਮੰਤਰੀ ਰੇਖਾ ਗੁਪਤਾ ਨੇ ਅੱਜ ਦਿੱਲੀ ਸਕੱਤਰੇਤ ਵਿਖੇ ਇੱਕ ਉੱਚ ਪੱਧਰੀ ਮੀਟਿੰਗ ਦੀ ਪ੍ਰਧਾਨਗੀ ਕੀਤੀ, ਜਿਸ ਵਿੱਚ ਸਮਾਜ ਭਲਾਈ ਵਿਭਾਗ ਅਤੇ ਅਨੁਸੂਚਿਤ ਜਾਤੀ ਅਤੇ ਜਨਜਾਤੀ ਭਲਾਈ ਵਿਭਾਗ ਦੇ ਸੀਨੀਅਰ ਅਧਿਕਾਰੀ ਮੌਜੂਦ ਸਨ। ਇਸ ਮੀਟਿੰਗ ਵਿੱਚ ਸਮਾਜਿਕ ਅਤੇ ਆਰਥਿਕ ਤੌਰ 'ਤੇ ਪਛੜੇ ਵਰਗਾਂ ਦੇ ਵਿਕਾਸ ਲਈ ਚਲਾਈਆਂ ਜਾ

ਰਹੀਆਂ ਯੋਜਨਾਵਾਂ ਦੀ ਸਮੀਖਿਆ ਕੀਤੀ ਗਈ। ਮੁੱਖ ਮੰਤਰੀ ਨੇ ਕਿਹਾ ਕਿ ਸਰਕਾਰ ਨਾ ਸਿਰਫ਼ ਵਿੱਤੀ ਸਹਾਇਤਾ ਪ੍ਰਦਾਨ ਕਰ ਰਹੀ ਹੈ ਬਲਕਿ ਪੁਨਰਵਾਸ, ਹੁਨਰ ਵਿਕਾਸ, ਵਿਦਿਅਕ ਸਹਾਇਤਾ ਅਤੇ ਹੋਰ ਸਮਾਜਿਕ ਸੇਵਾਵਾਂ ਵੀ ਪ੍ਰਦਾਨ ਕਰ ਰਹੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਸਰਕਾਰ ਗਰੀਬਾਂ, ਬਜ਼ੁਰਗਾਂ ਅਤੇ ਹੋਰ ਵਰਗਾਂ ਲਈ ਕਈ ਯੋਜਨਾਵਾਂ ਚਲਾ ਰਹੀ ਹੈ, ਜਿਸ ਵਿੱਚ ਸੀਨੀਅਰ ਨਾਗਰਿਕਾਂ ਲਈ ਆਰਥਿਕ ਸਹਾਇਤਾ ਯੋਜਨਾ ਸ਼ਾਮਲ ਹੈ। ਇਹ ਯੋਜਨਾ 60 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਬਜ਼ੁਰਗ ਨਾਗਰਿਕਾਂ, ਖਾਸ ਕਰਕੇ ਅਨੁਸੂਚਿਤ ਜਾਤੀ/ਜਨਜਾਤੀ ਭਾਈਚਾਰਿਆਂ ਜਾਂ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਤੋਂ ਆਉਣ ਵਾਲੇ ਲੋਕਾਂ ਨੂੰ ਮਹੀਨਾਵਾਰ ਵਿੱਤੀ ਸਹਾਇਤਾ ਪ੍ਰਦਾਨ ਕਰਦੀ ਹੈ। ਯੋਗ ਵਿਅਕਤੀਆਂ ਨੂੰ ਉਨ੍ਹਾਂ ਦੀ ਉਮਰ ਦੇ ਅਨੁਸਾਰ 2,000 ਰੁਪਏ ਤੋਂ 2500 ਰੁਪਏ ਦੀ ਰਕਮ ਦਿੱਤੀ ਜਾਂਦੀ ਹੈ। ਇਸ ਯੋਜਨਾ ਤਹਿਤ ਚਾਰ ਲੱਖ ਤੋਂ ਵੱਧ ਬਜ਼ੁਰਗਾਂ ਨੂੰ ਇਹ ਰਕਮ ਪ੍ਰਦਾਨ ਕੀਤੀ ਗਈ ਸੀ। ਇਸਦਾ ਉਦੇਸ਼ ਉਨ੍ਹਾਂ ਨੂੰ ਸਨਮਾਨਜਨਕ ਜੀਵਨ ਜਿਉਣ ਦੇ ਯੋਗ ਬਣਾਉਣਾ ਹੈ। ਮੁੱਖ ਮੰਤਰੀ ਰੇਖਾ ਗੁਪਤਾ ਨੇ ਇਹ ਵੀ ਦੱਸਿਆ ਕਿ ਅਪਾਹਜ ਵਿਅਕਤੀਆਂ (ਪੀਡਬਲਯੂਡੀ) ਦੀ ਸਹਾਇਤਾ ਲਈ ਇੱਕ ਯੋਜਨਾ ਵੀ ਚਲਾਈ ਜਾ ਰਹੀ ਹੈ। ਇਸ ਤਹਿਤ, ਗੰਭੀਰ ਅਪਾਹਜਤਾ ਵਾਲੇ ਅਤੇ ਸਵੈ-ਨਿਰਭਰ ਨਹੀਂ ਹੋ ਸਕਣ ਵਾਲੇ ਵਿਅਕਤੀਆਂ ਨੂੰ ਪ੍ਰਤੀ ਮਹੀਨਾ 2,500 ਰੁਪਏ ਦੀ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ। ਇਸ ਤਹਿਤ, ਇਹ ਰਕਮ 1.34 ਲੱਖ ਅਪਾਹਜ ਵਿਅਕਤੀਆਂ ਨੂੰ ਦਿੱਤੀ ਗਈ। ਇਸਦਾ ਉਦੇਸ਼ ਅਪਾਹਜ ਵਿਅਕਤੀਆਂ ਨੂੰ ਸਮਾਜਿਕ ਅਤੇ ਆਰਥਿਕ ਤੌਰ 'ਤੇ ਸਸ਼ਕਤ ਬਣਾਉਣਾ ਹੈ। ਇਸ ਤੋਂ ਇਲਾਵਾ, ਦਿੱਲੀ ਪਰਿਵਾਰ ਲਾਭ ਯੋਜਨਾ (ਡੀਐਫਬੀਐਸ) ਦੇ ਤਹਿਤ, ਅਜਿਹੇ ਪਰਿਵਾਰਾਂ ਨੂੰ 20,000 ਰੁਪਏ ਦੀ ਇੱਕ ਵਾਰ ਦੀ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ ਜਿਨ੍ਹਾਂ ਨੇ ਆਪਣੇ ਘਰ ਦੇ ਮੁੱਖ ਕਮਾਉਣ ਵਾਲੇ ਮੈਂਬਰ ਨੂੰ ਗੁਆ ਦਿੱਤਾ ਹੈ। ਇਸ ਤਹਿਤ, ਇਹ ਮਦਦ ਲਗਭਗ 1100 ਆਸ਼ਰਿਤਾਂ ਨੂੰ ਦਿੱਤੀ ਗਈ। ਇਹ ਸਹਾਇਤਾ ਪਰਿਵਾਰ ਨੂੰ ਅਚਾਨਕ ਵਿੱਤੀ ਸੰਕਟ ਨੂੰ ਦੂਰ ਕਰਨ ਵਿੱਚ ਮਦਦ ਕਰਦੀ ਹੈ। ਮੁੱਖ ਮੰਤਰੀ ਨੇ ਦੱਸਿਆ ਕਿ ਵਿਭਾਗ ਦੀ ਸਮਾਈਲ ਸਕੀਮ (ਜੀਵ-ਜੀਵਨ ਅਤੇ ਉੱਦਮ ਲਈ ਹਾਸ਼ੀਏ 'ਤੇ ਪਹੁੰਚੇ ਵਿਅਕਤੀਆਂ ਲਈ ਸਹਾਇਤਾ) ਦਾ ਉਦੇਸ਼ ਭੀਖ ਮੰਗਣ ਵਿੱਚ ਲੱਗੇ ਲੋਕਾਂ ਦਾ ਪੁਨਰਵਾਸ ਕਰਨਾ ਹੈ। ਇਸ ਵਿੱਚ, ਉਨ੍ਹਾਂ ਨੂੰ ਆਸਰਾ, ਡਾਕਟਰੀ, ਸਲਾਹ, ਹੁਨਰ ਸਿਖਲਾਈ ਅਤੇ ਰੋਜ਼ੀ-ਰੋਟੀ ਦੇ ਮੌਕੇ ਪ੍ਰਦਾਨ ਕੀਤੇ ਜਾਂਦੇ ਹਨ ਤਾਂ ਜੋ ਉਹ ਸਮਾਜ ਦੀ ਮੁੱਖ ਧਾਰਾ ਵਿੱਚ ਵਾਪਸ ਆ ਸਕਣ।

Contd..... page-2

ਅਮਰਨਾਥ ਯਾਤਰਾ : 18 ਦਿਨਾਂ 'ਚ ਦੂਜੀ ਵਾਰ ਬਾਲਟਾਲ ਪੁੱਜੇ: ਮਨੋਜ ਸਿਨਹਾ

ਕੌਮੀ ਪੜ੍ਹਿਕਾ
ਤੇਜਿੰਦਰ ਕੌਰ ਬੱਬਰ

ਬਾਲਟਾਲ/ਜੰਮੂ ਕਸ਼ਮੀਰ, 21 ਜੁਲਾਈ। ਜੰਮੂ ਕਸ਼ਮ

ਬਿਹਾਰ ਵਿੱਚ ਵਿਸ਼ੇਸ਼ ਤੀਬਰ ਤਸਦੀਕ ਮੁਹਿੰਮ - ਬਾਕੀ ਵੋਟਰਾਂ ਤੋਂ 25 ਜੁਲਾਈ ਤੱਕ ਗਿਣਤੀ ਫ਼ਾਰਮ ਭਰਨ ਅਤੇ ਜਰੂਰੀ ਦਸਤਾਵੇਜ ਉਪਲਬਧ ਕਰਾਉਣ ਦੀ ਅਪੀਲ

ਕੌਮੀ ਪਤ੍ਰਿਕਾ

ਚੰਡੀਗੜ੍ਹ, 21 ਜੁਲਾਈ। ਬਿਹਾਰ ਵਿੱਚ ਵਿਸ਼ੇਸ਼ ਤੀਬਰ ਤਸਦੀਕ ਮੁਹਿੰਮ ਤਹਿਤ 24 ਜੂਨ, 2025 ਦੀ ਸਥਿਤੀ ਵਿੱਚ ਕੁੱਲ 7,89,69,844 ਵੋਟਰਾਂ ਵਿਚੋਂ ਹੁਣ ਤੱਕ 6,99,92,926 ਵੋਟਰਾਂ (88.65%) ਤੋਂ ਗਿਣਤੀ ਪੱਤਰ ਪ੍ਰਾਪਤ ਕੀਤੇ ਜਾ ਚੁੱਕੇ ਹਨ। ਭਾਰਤ ਚੋਣ ਕਮਿਸ਼ਨ ਦੀ ਮਿੱਤੀ 16.07.2025 ਦੇ ਪ੍ਰੈਸ ਰਿਲੀਜ਼ ਦੇ ਮੱਦੇਨਜਰ ਵਿਸ਼ੇਸ਼ ਤੀਬਰ ਤਸਦੀਕ ਮੁਹਿੰਮ ਵਿੱਚ ਸਿਰਫ 6.85% (54,07,483) ਵੋਟਰ ਬਾਕੀ ਹਨ, ਜਿਨ੍ਹਾਂ ਤੋਂ ਅਗਲੇ 9 ਦਿਨਾਂ ਦੇ ਅੰਦਰ, ਯਾਨੀ 25 ਜੁਲਾਈ, 2025 ਤੱਕ, ਗਿਣਤੀ ਫਾਰਮ ਪ੍ਰਾਪਤ ਕੀਤੇ ਜਾਣੇ ਹਨ। ਇਹ ਸੰਭਵ ਹੈ ਕਿ ਇੰਨ੍ਹਾਂ ਵਿੱਚੋਂ ਕਈ ਵੋਟਰ ਅਸਥਾਈ ਰੂਪ ਨਾਲ ਬਿਹਾਰ ਦੇ ਬਾਹਤ ਰਹਿ ਰਹੇ ਹਨ ਜੋ ਆਨਲਾਇਨ ਰਾਹੀਂ ਅਤੇ ਪਰਿਵਾਰ ਦੇ ਮੈਂਬਰਾਂ ਦੇ ਸਹਿਯੋਗ ਨਾਲ ਗਿਣਤੀ ਫਾਰਮ ਭਰ ਸਕਦੇ ਹਨ। ਹੁਣ ਤੱਕ 6,47,27,300 (81.96%) ਫਾਰਮ ਅਪਲੋਡ ਵੀ ਕੀਤੇ ਜਾ ਚੁੱਕੇ ਹਨ। ਵੋਟਰ ਸੂਚੀ ਦਾ ਖਰੜਾ 1 ਅਗਸਤ, 2025 ਨੂੰ ਪ੍ਰਕਾਸ਼ਿਤ ਕੀਤਾ ਜਾਵੇਗਾ ਅਤੇ ਦਾਵਾ-ਇਤਰਾਜ਼ ਦੀ ਅ?ਮਾਦ 1 ਅਗਸਤ, 2025 ਤੋਂ 1 ਸਤੰਬਰ, 2025 ਤੱਕ ਨਿਰਧਾਰਿਤ ਹੈ। ਬਿਹਾਰ ਤੋਂ ਬਾਹਰ ਅਸਕਾਈ ਤੌਰ 'ਤੇ ਰਹਿ ਰਹੇ ਵੋਟਰ ਵੀ ਆਪਣੇ ਮੋਬਾਇਲ ਫੋਨ, ਵੈਬਸਾਇਟ ਰਾਹੀਂ ਆਨਲਾਇਨ ਗਿਣਤੀ ਫਾਰਮ ਖੁਦ ਭਰ ਸਕਦੇ ਹਨ। ਇਸ ਤੋਂ ਇਲਾਵਾ ਉਹ ਪ੍ਰੀ-ਫਿਲਡ ਫਾਰਮ ਡਾਊਨਲੋਡ ਕਰ ਦਸਤਖਤ ਕੀਤੀ ਹੋਈ ਕਾਪੀ ਵਾਟਸਐਪ, ਈਮੇਲ ਜਾਂ ਹੋਰ ਸਰੋਤ ਨਾਲ ਬੀਐਲਓ ਤੱਕ ਭੇਜ ਸਕਦੇ ਹਨ, ਜਾਂ ਪਰਿਵਾਰ ਦੇ ਮੈਂਬਰ ਰਾਹੀਂ ਬੀਐਲਓ ਨੂੰ ਭੇਜ ਸਕਦੇ ਹਨ। ਵਿਸ਼ੇਸ਼ ਤੀਬਰ ਤਸਦੀਕ ਵਿੱਚ ਗਿਣਤੀ ਫਾਰਮ ਭਰਨ ਤਹਿਤ ਹੇਠਾ ਲਿਖੇ 11 ਦਸਤਾਵੇਜਾਂ ਵਿੱਚੋਂ ਕੋਈ ਵੀ ਨੱਥੀ ਕੀਤਾ ਜਾ ਸਕਦਾ ਹੈ। ਇੰਨ੍ਹਾਂ ਵਿੱਚ ਕਿਸੇ ਵੀ ਕੇਂਦਰੀ/ਸੂਬਾ ਸਰਕਾਰ ਦੇ ਨਿਯਮਤ ਕਰਮਚਾਰੀ/ਪੈਂਸ਼ਨਧਾਰੀ ਨੂੰ ਜਾਰੀ ਪਹਿਚਾਣ ਪੱਤਰ ਜਾਂ ਪੀਪੀਓ, 01.07.1987 ਤੋਂ ਪਹਿਲਾਂ ਭਾਰਤ ਵਿੱਚ ਕਿਸੇ ਸਰਕਾਰੀ/ਸਥਾਨਕ ਨਿਗਮ/ਬੈਂਕ/ਡਾਕਘਰ/ਐਲਆਈਸੀ/ਪੀਐਨਯੂ ਵੱਲੋਂ ਜਾਰੀ ਕੋਈ ਦਸਤਾਵੇਜ, ਸਮਰੱਥ ਅਧਿਕਾਰੀ ਵੱਲੋਂ ਜਾਰੀ ਜਨਮ ਸਰਟੀਫਿਕੇਟ, ਪਾਸਪੋਰਟ, ਮਾਨਤਾ ਪ੍ਰਾਪਤ ਬੋਰਡ/ਯੂਨੀਵਰਸਿਟੀ ਵੱਲੋਂ ਜਾਰੀ ਵਿਦਿਅਕ ਸਰਟੀਫਿਕੇਟ, ਸਮਰੱਥ ਸੂਬਾ ਅਧਿਕਾਰੀ ਵੱਲੋਂ ਜਾਰੀ ਸਥਾਈ ਨਿਵਾਸ ਸਰਟੀਫਿਕੇਟ, ਜੰਗਲਾਤ ਅਧਿਕਾਰੀ ਸਰਟੀਫਿਕੇਟ, ਸਮਰੱਥ ਅਧਿਕਾਰੀ ਵੱਲੋਂ ਜਾਰੀ ਪ੍ਰਮਾਣ ਪੱਤਰ, ਨਾਗਰਿਕਾਂ ਦਾ ਰਾਸ਼ਟਰੀ ਰਜਿਸਟਰ (ਜਿੱਥੇ ਉਪਲਧਬ ਹੈ), ਰਾਜ/ਸਥਾਨਕ ਅਧਿਕਾਰੀ ਵੱਲੋਂ ਤਿਆਰ ਪਰਿਵਾਰਕ ਰਜਿਸਟਰ, ਸਰਕਾਰ ਵੱਲੋਂ ਜਾਰੀ ਭੂਮੀ ਜਾਂ ਮਕਾਨ ਅਲਾਟਮੈਂਅ ਸਰਟੀਫਿਕੇਟ ਸ਼ਾਮਿਲ ਹਨ। ਜੇਕਰ ਇੰਨ੍ਹਾਂ ਵਿੱਚੋਂ ਕੋਈ ਵੀ ਦਸਤਾਵੇਜਾਂ ਵਿੱਚੋਂ ਕੋਈ ਇੱਕ ਵੀ ਗਿਣਤੀ ਫਾਰਮ ਨਾਲ ਨੱਥੀ ਕਰ ਦਿੱਤਾ ਜਾਵੇ, ਤਾਂ ਚੋਣਕਾਰ ਰਜਿਸਟ?ਰੇਸ਼ਣ ਅਧਿਕਾਰੀ ਨੂੰ ਨਾਮ ਜੋੜਨ ਦੀ ਪ੍ਰਕ੍ਰਿਆ ਵਿੱਚ ਸਹੂਲਤ ਹੁੰਦੀ ਹੈ। ਜੇਕਰ ਦਸਤਾਵੇ? ਤੁਰੰਤ ਉਪਲਬਧ ਨਾ ਹੋਵੇ ਤਾਂ ਦਸਤਾਵੇਜ ਬਾਅਦ ਵਿੱਚ 25 ਜੁਲਾਈ, 2025 ਤੱਕ ਅਤੇ ਦਾਵਾ-ਇਤਰਾਜ ਸਮੇਤ (01 ਅਗਸਤ, 2025 ਤੋਂ 01 ਸਤੰਬਰ, 2025) ਵਿੱਚ ਵੀ ਪੇਸ਼ ਕੀਤੇ ਜਾ ਸਕਦੇ ਹਨ। ਡਾਰਫਟ ਵੋਟਰ ਸੂਚੀ ਵਿੱਚ ਵੋਟਰ ਦਾ ਨਾਮ ਸ਼ਾਮਿਲ ਹੋਣ ਤਹਿਤ ਗਿਣਤੀ ਫਾਰਮ 25 ਜੁਲਾਈ, 2025 ਤੱਕ ਉਪਲਬਧ ਕਰਾਇਆ ਜਾਣਾ ਜਰੂਰੀ ਹੈ। ਜਾ ਕੇ ਆਪਣੈ ਫਾਰਮ ਦੀ ਸਥਿਤੀ ਦੀ ਵੀ ਜਾਂਚ ਕਰ ਸਕਦੇ ਹਨ।

ਪੰਜਾਬ 'ਚ ਰੂਹ ਕੰਬਾਊ ਹਾਦਸਾ ! ਪਤੀ-ਪਤਨੀ ਦੀ ਇਕੱਠਿਆਂ ਹੋਈ ਮੌਤ

ਮੁਕੇਰੀਆਂ 21 ਜੁਲਾਈ। ਜਲੰਧਰ-ਪਠਾਨਕੋਟ ਹਾਈਵੇਅ 'ਤੇ ਪੈਂਦੇ ਕਸਬਾ ਮੁਸਾਹਿਬਪੁਰ ਨੇੜੇ ਦਰਦਨਾਕ ਹਾਦਸਾ ਵਾਪਰਨ ਦੀ ਖ਼ਬਰ ਮਿਲੀ ਹੈ। ਇਸ ਹਾਦਸੇ ਵਿਚ ਪਤੀ-ਪਤਨੀ ਦੀ ਮੌਤ ਹੋ ਗਈ ਅਤੇ ਇਕ ਚਾਰ ਸਾਲਾ ਬੱਚਾ ਜ਼ਖ਼ਮੀ ਹੋ ਗਿਆ। ਹਾਦਸਾ ਟਰੱਕ ਅਤੇ ਸਕੂਟਰੀ ਵਿਚਾਲੇ ਟੱਕਰ ਹੋਣ ਕਾਰਨ ਵਾਪਰਿਆ। ਇਸ ਹਾਦਸੇ ਸਬੰਧੀ ਜਾਣਕਾਰੀ ਦਿੰਦੇ ਹੋਏ ਚੌਕੀ ਇੰਚਾਰਜ ਭੰਗਾਲਾ ਐੱਸ. ਆਈ. ਪ੍ਰਿੰਸਪਾਲ ਸਿੰਘ ਨੇ ਦੱਸਿਆ ਕਿ ਅੱਜ ਸਵੇਰੇ 6 ਵਜੇ ਦੇ ਕਰੀਬ ਰਾਕੇਸ਼ ਕੁਮਾਰ (32) ਪੁੱਤਰ ਮਦਨ ਲਾਲ ਵਾਸੀ ਭੱਟੀਆਂ ਰਾਜਪੂਤਾ, ਆਪਣੀ ਪਤਨੀ ਅੰਜੂ ਬਾਲਾ ਅਤੇ ਪੁੱਤਰ ਮਨਪ੍ਰੀਤ (4) ਨਾਲ ਆਪਣੀ ਸਕੂਟਰੀ 'ਤੇ ਸਵਾਰ ਹੋ ਕੇ ਪਠਾਨਕੋਟ ਤੋਂ ਆਪਣੇ ਪਿੰਡ ਆ ਰਿਹਾ ਸੀ। ਜਿਵੇਂ ਹੀ ਉਹ ਮੁਸਾਫ਼?ਰ ਸ਼ਹਿਨਾਈ ਗ੍ਰੈਂਡ ਵਿਲਾ ਦੇ ਸਾਹਮਣੇ ਪਹੁੰਚੇ ਤਾਂ ਪਿੱਛੇ ਤੋਂ ਆ ਰਹੇ ਇਕ ਟਰੱਕ ਨੇ ਉਨ੍ਹਾਂ ਨੂੰ ਟੱਕਰ ਮਾਰ ਦਿੱਤੀ, ਜਿਸ ਕਾਰਨ ਤਿੰਨੋਂ ਸੜਕ 'ਤੇ ਬੁਰੀ ਤਰ੍ਹਾਂ ਡਿੱਗ ਗਏ। ਇਸ ਹਾਦਸੇ ਵਿਚ ਸਕੂਟਰੀ ਸਵਾਰ ਜੋੜੇ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦਕਿ ਉਨ੍ਹਾਂ ਦਾ ਬੱਚਾ ਗੰਭੀਰ ਜ਼ਖ਼ਮੀ ਹੋ ਗਿਆ। ਟਰੱਕ ਡਰਾਈਵਰ ਨੇ ਸਥਿਤੀ ਦਾ ਫਾਇਦਾ ਉਠਾਇਆ ਅਤੇ ਟਰੱਕ ਲੈ ਕੇ ਭੱਜਣ ਵਿੱਚ ਕਾਮਯਾਬ ਹੋ ਗਿਆ। ਉੱਥੇ ਇਕੱਠੇ ਹੋਏ ਲੋਕਾਂ ਨੇ ਤਿੰਨਾਂ ਨੂੰ ਸਿਵਲ ਹਸਪਤਾਲ ਮੁਕੇਰੀਆਂ ਪਹੁੰਚਾਇਆ। ਮ੍ਰਿਤਕ ਜੋੜੇ ਦੀਆਂ ਲਾਸ਼ਾਂ ਨੂੰ ਪੋਸਟਮਾਰਟਮ ਲਈ ਮੁਰਦਾਘਰ ਵਿੱਚ ਰੱਖਿਆ ਗਿਆ ਹੈ ਅਤੇ ਬੱਚੇ ਨੂੰ ਇਲਾਜ ਲਈ ਵਾਰਡ ਵਿੱਚ ਦਾਖ਼ਲ ਕਰਵਾਇਆ ਗਿਆ ਹੈ ਪਰ ਬੱਚੇ ਦੀ ਨਾਜ਼ੁਕ ਹਾਲਤ ਨੂੰ ਵੇਖਦਿਆਂ ਹੋਇਆ ਐਮਰਜੈਂਸੀ ਡਿਊਟੀ 'ਤੇ ਮੌਜੂਦ ਡਾਕਟਰ ਨੇ ਉਸ ਨੂੰ ਸਰਕਾਰੀ ਮੈਡੀਕਲ ਕਾਲਜ ਅੰਮ੍ਰਿਤਸਰ ਰੈਫਰ ਕਰ ਦਿੱਤਾ। ਪੁਲਸ ਨੇ ਮੌਕੇ "ਤੇ ਪਹੁੰਚ ਕੇ ਆਪਣੀ ਕਾਰਵਾਈ ਸ਼ੁਰੂ ਕਰ ਦਿੱਤੀ।

ਬਰਸਾਤੀ ਮੌਸਮ ਦੌਰਾਨ ਖਾਣ-ਪੀਣ ਦੀਆਂ ਵਸਤਾਂ ਦੀ ਵਰਤੋ ਧਿਆਨ ਨਾਲ ਕੀਤੀ ਜਾਵੇ :- ਡਾ ਕੁੰਦਰਾ

ਕੌਮੀ ਪਤ੍ਰਿਕਾ

ਫਗਵਾੜਾ 21 ਜੁਲਾਈ। ਬਰਸਾਤੀ ਮੌਸਮ ਦੌਰਾਨ ਖਾਣ-ਪੀਣ ਦੀਆਂ ਵਸਤਾਂ ਦੀ ਵਰਤੋਂ ਧਿਆਨ ਨਾਲ ਕਰਕੇ ਅਸੀਂ ਬਹੁਤ ਸਾਰੀਆਂ ਬਿਮਾਰੀਆਂ ਤੋਂ ਸਹਿਜੇ ਹੀ ਬਚ ਸਕਦੇ ਹਾਂ ਇਸ ਗੱਲ ਦਾ ਪ੍ਰਗਟਾਵਾ ਸਿਵਲ ਹਸਪਤਾਲ ਫਗਵਾੜਾ ਵਿਖੇ ਤੈਨਾਤ ਬੱਚਿਆਂ ਦੀਆ ਬਿਮਾਰੀਆਂ ਦੇ ਮਾਹਿਰ ਡਾ ਨਰੇਸ਼ ਕੁੰਦਰਾ ਨੇ ਕੀਤਾ ਉਨ੍ਹਾਂ ਦੱਸਿਆ ਕਿ ਇਸ ਮੌਸਮ ਵਿੱਚ ਛੋਟੇ ਬੱਚਿਆਂ ਵਿੱਚ ਉਲਟੀਆਂ ਟੱਟੀਆਂ ਲੱਗਣ ਦਾ ਡਰ ਰਹਿੰਦਾ ਹੈ, ਜਿਸ ਨਾਲ ਉਨਾਂ ਦੇ ਸਰੀਰ ਵਿੱਚ ਪਾਣੀ ਦੀ ਕਮੀ ਹੋ ਜਾਂਦੀ ਹੈ ਅਤੇ ਬੱਚਾ ਮੌਤ ਦੇ ਮੂੰਹ ਵਿੱਚ ਜਾ ਸਕਦਾ ਹੈ ਉਨਾਂ ਕਿਹਾ ਕਿ ਦਸਤ ਰੋਗ ਦਾ ਸਹੀ ਇਲਾਜ ਓ.ਆਰ.ਐੱਸ ਅਤੇ ਜ਼ਿੰਕ ਦੀਆਂ ਗੋਲੀਆਂ ਹਨ ਅਤੇ ਲੋੜ ਪੈਣ 'ਤੇ ਬੱਚੇ ਨੂੰ ਦਿੱਤੀਆਂ ਜਾ ਸਕਦੀਆਂ ਹਨ ਜਿਸ ਨਾਲ ਬੱਚੇ ਦੇ ਸਰੀਰ ਵਿੱਚ ਪਾਣੀ ਦੀ ਕਮੀ ਨਹੀਂ ਹੁੰਦੀ ਅਤੇ ਤਾਕਤ ਬਣੀ ਰਹਿੰਦੀ ਹੈ ਇਸ ਲਈ ਦਸਤ ਲੱਗਣ ਦੀ ਸੂਰਤ ਵਿੱਚ ਓ ਆਰ ਐੱਸ ਦਾ ਘੋਲ ਤਿਆਰ ਕਰ ਕੇ ਬੱਚੇ ਨੂੰ ਹਰ ਦਸਤ ਤੋਂ ਬਾਅਦ ਥੋੜੀ ਥੋੜੀ ਮਾਤਰਾ ਵਿੱਚ ਲਗਾਤਾਰ ਪਿਲਾਇਆ ਜਾਵੇ, ਇਸਦੇ ਨਾਲ ਹੀ ਜਿੰਕ ਦੀਆਂ ਗੋਲੀਆਂ ਵੀ 14 ਦਿਨ ਦਿੱਤੀਆਂ ਜਾਣ ਉਨਾਂ ਕਿਹਾ ਕਿ ਛੋਟੇ ਬੱਚਿਆਂ ਵਾਲੇ ਘਰਾਂ ਵਿੱਚ ਓ ਆਰ ਐਸ ਦੇ ਪੈਕਟ ਜਰੂਰ ਹੋਣੇ ਚਾਹੀਦੇ ਹਨ ਜੋ ਸਰਕਾਰੀ ਸਿਹਤ ਸੰਸਥਾਵਾਂ ਵਿੱਚੋਂ ਮੁਫਤ ਮਿਲਦੇ ਹਨ ਉਨਾਂ ਜਿੰਕ ਦੀ ਖੁਰਾਕ ਸਬੰਧੀ ਦੱਸਿਆ ਕਿ 2 ਤੋਂ 6 ਮਹੀਨੇ ਤੱਕ ਦੇ ਬੱਚੇ ਨੂੰ 20 ਮਿਲੀਗ੍ਰਾਮ ਦੀ ਅੱਧੀ ਗੋਲੀ ਅਤੇ ਛੇ ਮਹੀਨੇ ਤੋਂ ਉਪਰ ਦੇ ਬੱਚੇ ਨੂੰ ਇਕ ਗੋਲੀ 14 ਦਿਨ ਲਈ ਰੋਜ਼ਾਨਾ ਦਿੱਤੀ ਜਾਵੇ, ਜਿੰਕ ਦੀ ਗੋਲੀ ਦੇਣ ਨਾਲ ਬੱਚਾ ਜਲਦੀ ਹੀ ਠੀਕ ਹੋ ਜਾਂਦਾ ਹੈ ਅਤੇ ਜਿੰਕ ਦੀ ਇਹ ਗੋਲੀ ਬੱਚੇ ਨੂੰ ਤਿੰਨ ਮਹੀਨੇ ਤਕ ਦਸਤਾਂ ਅਤੇ ਨਿਮੋਨੀਆ ਵਰਗੀ ਬਿਮਾਰੀ ਤੋਂ ਵੀ ਬਚਾਈ ਰੱਖਦੀ ਹੈ ਉਨਾਂ ਕਿਹਾ ਕਿ ਬਰਸਾਤੀ ਮੌਸਮ ਦੌਰਾਨ ਸਾਫ਼ ਸਫ਼ਾਈ ਵੱਲ ਵਿਸ਼ੇਸ਼ ਤਵੱਜੋ ਦਿੱਤੀ ਜਾਵੇ

ਡਿਜੀਟਲ ਸਿੰਗਲ ਵਿੰਡੋ ਕਲੀਅਰੈਂਸ ਸਿਸਟਮ ਜਲਦੀ ਹੀ ਸ਼ੁਰੂ ਕੀਤਾ ਜਾਵੇਗਾ: ਕਪਿਲ ਮਿਸ਼ਰਾ

Contd.....Front page

ਦਿੱਲੀ ਸਰਕਾਰ ਜਲਦੀ ਹੀ ਇਸ ਸਬੰਧ ਵਿੱਚ ਸਿੰਗਲ ਵਿੰਡੋ ਕਲੀਅਰੈਂਸ ਨੀਤੀ ਲਿਆ ਰਹੀ ਹੈ ਅਤੇ ਮੈਂ ਮੁੱਖ ਮੰਤਰੀ ਨੂੰ ਹੋਰ ਸਾਰੇ ਨੀਤੀਗਤ ਮੁੱਦਿਆਂ ਬਾਰੇ ਨਿੱਜੀ ਤੌਰ 'ਤੇ ਸੂਚਿਤ ਕਰਾਂਗਾ। ਸਾਡੇ ਕੋਲ 70 ਤੋਂ 80 ਅਜਿਹੇ ਸਮਾਰਕ ਹਨ ਜਿਨ੍ਹਾਂ ਦੀ ਵਰਤੋਂ ਸਮਾਗਮਾਂ ਦੇ ਆਯੋਜਨ ਲਈ ਕੀਤੀ ਜਾ ਸਕਦੀ ਹੈ। ਇਸ ਮੀਟਿੰਗ ਬਾਰੇ, ਕਪਿਲ ਮਿਸ਼ਰਾ ਨੇ ਅੱਗੇ ਕਿਹਾ, "ਦਿੱਲੀ ਨੂੰ ਨਾ ਸਿਰਫ਼ ਇੱਕ ਇਤਿਹਾਸਕ ਅਤੇ ਰਾਜਨੀਤਿਕ ਕੇਂਦਰ ਵਜੋਂ, ਸਗੋਂ ਇੱਕ 'ਗਲੋਬਲ ਈਵੈਂਟ ਹੱਬ' ਵਜੋਂ ਵੀ ਸਥਾਪਿਤ ਕਰਨ ਦਾ ਸਮਾਂ ਆ ਗਿਆ ਹੈ। ਸਾਡੀ ਕੋਸ਼ਿਸ਼ ਨੀਤੀ ਨਿਰਮਾਣ ਵਿੱਚ ਇਸ ਖੇਤਰ ਨੂੰ ਤਰਜੀਹ ਦੇਣ ਦੀ ਹੈ ਤਾਂ ਜੋ ਸ਼ਹਿਰ ਦੇ ਭਵਿੱਖ ਨੂੰ ਇੱਕ ਨਵੀਂ ਦਿਸ਼ਾ ਮਿਲ ਸਕੇ। ਦਿੱਲੀ ਸਰਕਾਰ ਰਾਜਧਾਨੀ ਦਿੱਲੀ ਨੂੰ ਇੱਕ ਸਾਫਟ ਪਾਵਰ ਵਜੋਂ 'ਗਲੋਬਲ ਈਵੈਂਟ ਹੱਬ' ਵਜੋਂ ਵਿਕਸਤ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਸਾਡੀ ਕੋਸ਼ਿਸ਼ ਬ੍ਰਾਂਡਿੰਗ ਦਿੱਲੀ ਦੇ ਤਹਿਤ ਨੀਤੀ ਨਿਰਮਾਣ ਵਿੱਚ ਅੱਜ ਆਏ ਸਾਰੇ ਮਾਹਰਾਂ ਦੇ ਸੁਝਾਵਾਂ ਨੂੰ ਸ਼ਾਮਲ ਕਰਨ ਅਤੇ ਉਨ੍ਹਾਂ ਨੂੰ ਜ਼ਮੀਨੀ ਪੱਧਰ 'ਤੇ ਲਾਗੂ ਕਰਨ ਦੀ ਹੈ ਅਤੇ ਕਿਹਾ ਕਿ ਇਸ ਸਬੰਧੀ ਨੇੜਲੇ ਭਵਿੱਖ ਵਿੱਚ ਇੱਕ ਮੀਟਿੰਗ ਦੁਬਾਰਾ ਕੀਤੀ ਜਾਵੇਗੀ।

ਜੂਸ ਵਾਲੀ ਦੁਕਾਨ 'ਚੋਂ ਇਨਵੈਟਰ ਬੈਟਰਾ ਤੇ ਹੋਰ ਸਾਮਾਨ ਚੋਰੀ

ਮਮਦੋਟ 21 ਜੁਲਾਈ। ਸਿਵਲ ਹਸਪਤਾਲ ਮਮਦੋਟ ਨਜ਼ਦੀਕ ਇਕ ਜੂਸ ਵਾਲੀ ਦੁਕਾਨ ਨੂੰ ਪਿਛਲੇ ਪਾਸਿਓਂ ਪਾੜ ਲਗਾ ਕੇ ਚੋਰਾਂ ਨੇ ਦੁਕਾਨ ਅੰਦਰ ਪਿਆ ਇਨਵੈਟਰ-ਬੈਟਰਾ , 2 ਜੂਸਰ ਅਤੇ ਹੋਰ ਸਾਮਾਨ ਚੋਰੀ ਕਰ

ਲਏ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਰਮੇਸ਼ ਕੁਮਾਰ ਲੂਥਰਾ ਪੁੱਤਰ ਨੱਥੂ ਰਾਮ ਵਾਸੀ ਮਮਦੋਟ ਨੇ ਦੱਸਿਆ ਕਿ ਉਸ ਦੀ ਸਿਵਲ ਹਸਪਤਾਲ ਦੇ ਨਜ਼ਦੀਕ ਜੂਸ ਬਨਾਉਣ ਵਾਲੀ ਦੁਕਾਨ ਹੈ, ਉਸ ਨੇ ਦੱਸਿਆ ਕਿ ਪਿਛਲੇ 2-3 ਦਿਨਾਂ ਤੋਂ ਬਾਰਿਸ਼ਾਂ ਹੋਣ ਕਾਰਨ ਦੁਕਾਨ 'ਤੇ ਗਾਹਕੀ ਨਾ ਹੋਣ ਕਾਰਨ ਦੁਕਾਨ ਬੰਦ ਰੱਖੀ ਗਈ ਸੀ । ਜਦੋਂ ਉਸ ਨੇ ਅੱਜ ਆ ਕੇ ਦੁਕਾਨ ਖੋਲ੍ਹੀ ਤਾਂ ਦੁਕਾਨ ਦੀ ਪਿਛਲੀ ਕੰਧ ਵਾਲੇ ਪਾਸਿਓਂ ਪਾੜ ਲੱਗਾ ਹੋਇਆ ਸੀ ਅਤੇ ਦੁਕਾਨ ਦੇ ਅੰਦਰੋ ਚੋਰਾਂ ਵੱਲੋਂ ਇਕ ਇਨਵੈਟਰ ਬੈਟਰਾ, 2 ਜੂਸ ਬਨਾਉਣ ਵਾਲੀਆਂ ਮਸ਼ੀਨਾਂ ਅਤੇ ਹੋਰ ਵਰਤੋਂ ਵਾਲਾ ਸਾਮਾਨ ਚੋਰੀ ਹੋ ਚੁੱਕਿਆ ਸੀ । ਰਮੇਸ਼ ਕੁਮਾਰ ਨੇ ਅੱਗੇ ਦੱਸਿਆ ਕਿ ਉਸ ਦੀ ਦੁਕਾਨ ਦਾ ਤਕਰੀਬਨ 30-40 ਹਜਾਰ ਰੁਪਏ ਦਾ ਨੁਕਸਾਨ ਹੋਇਆ ਹੈ। ਉਸ ਨੇ ਇਸ ਹੋਈ ਚੋਰੀ ਸਬੰਧੀ ਲਿਖਤੀ ਤੌਰ 'ਤੇ ਥਾਣਾ ਮਮਦੋਟ ਵਿਖੇ ਚੋਰੀ ਦੀ ਸੂਚਨਾ ਦੇ ਦਿੱਤੀ ਹੈ। ਰਮੇਸ਼ ਕੁਮਾਰ ਨੇ ਇਹ ਵੀ ਦੱਸਿਆ ਕਿ ਉਸ ਦੀ ਦੁਕਾਨ ਦਾ ਪਿਛਲਾ ਪਾਸਾ ਸਿਵਲ ਹਸਪਤਾਲ ਮਮਦੋਟ ਵਿਖੇ ਹੈ, ਜਿਥੇ ਚੋਰਾਂ ਨੇ ਦੁਕਾਨ ਨੂੰ ਪਾੜ ਲਾਇਆ ਹੈ।

ਲੱਖਾਂ ਰੁਪਏ ਦੀ ਧੋਖਾਦੇਹੀ ਕਰਨ ਦੇ ਦੋਸ਼ 'ਚ ਔਰਤ ਸਣੇ ਕਈਆਂ ਖ਼?ਲਾਫ਼ ਮਾਮਲਾ ਦਰਜ

ਅਬੋਹਰ 21 ਜੁਲਾਈ। ਫਾਜ਼ਿਲਕਾ ਸਾਈਬਰ ਕ੍ਰਾਈਮ ਪੁਲਸ ਨੇ 28 ਲੱਖ 79 ਹਜ਼ਾਰ 275 ਰੁਪਏ ਦੀ ਧੋਖਾਦੇਹੀ ਕਰਨ ਦੇ ਦੋਸ਼ 'ਚ ਇਕ ਔਰਤ ਸਮੇਤ ਅਣਪਛਾਤੇ ਵਿਅਕਤੀਆਂ ਖ਼?ਲਾਫ਼ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਅਨੁਸਾਰ ਜਾਂਚ ਅਧਿਕਾਰੀ ਇੰਸਪੈਕਟਰ ਜੋਤੀ ਨੇ ਦੱਸਿਆ ਕਿ ਸੁਖਦੀਪ ਸਿੰਘ ਪੁੱਤਰ ਯਾਦਵਿੰਦਰ ਸਿੰਘ ਵਾਸੀ ਪਿੰਡ ਭੰਗਾਲਾ ਨੇ 7 ਮਈ ਅਤੇ 30 ਜੂਨ ਨੂੰ ਉੱਚ ਅਧਿਕਾਰੀਆਂ ਨੂੰ ਅਰਜ਼ੀ ਦੇ ਕੇ ਦੱਸਿਆ ਸੀ ਕਿ ਇਕ ਔਰਤ ਨੇ ਅਪ੍ਰੈਲ 2025 'ਚ ਫੋਨ ਕੀਤਾ ਸੀ। ਉਸ ਨੇ ਆਪਣਾ ਨਾਂ ਏਰਿਕਾ ਅਰੋੜਾ ਦੱਸਿਆ ਅਤੇ ਕਿਹਾ ਕਿ ਉਸ ਨੇ ਉਸ ਦਾ ਨੰਬਰ ਇਕ

ਟਰੇਡ ਐਪ ਤੋਂ ਲਿਆ ਹੈ। ਉਸ ਨੇ ਕਿਹਾ ਕਿ ਜਿਸ ਟਰੇਡ ਐਪ 'ਤੇ ਤੁਸੀਂ ਵਪਾਰ ਕਰਦੇ ਹੋ ਉਹ ਬਹੁਤ ਘੱਟ ਲਾਭ ਦਿੰਦਾ ਹੈ ਅਤੇ ਜਿਸ ਟਰੇਡ ਐਪ 'ਤੇ ਅਸੀਂ ਵਪਾਰ ਕਰਦੇ ਹਾਂ, ਉਹ ਵਧੇਰੇ ਲਾਭ ਦਿੰਦਾ ਹੈ। ਹੁਣ ਤੁਸੀਂ ਮੇਰੀਆਂ ਹਦਾਇਤਾਂ ਅਨੁਸਾਰ ਵਪਾਰ (ਸ਼ੇਅਰ ਮਾਰਕੀਟ) ਕਾਰੋਬਾਰ ਕਰਦੇ ਹੋ, ਜਿਸ 'ਚ ਮੈਂ ਤੁਹਾਨੂੰ ਬਹੁਤ ਜ਼ਿਆਦਾ ਲਾਭ ਦੇਵਾਂਗੀ।

ਸਰਕਾਰ ਵੱਧ ਤੋਂ ਵੱਧ ਗਰੀਬਾਂ, ਬਜ਼ੁਰਗਾਂ ਅਤੇ ਪਛੜੇ ਵਰਗਾਂ ਨੂੰ ਵਿੱਤੀ ਮਦਦ ਪ੍ਰਦਾਨ ਕਰੇਗੀ: ਮੁੱਖ ਮੰਤਰੀ ਰੇਖਾ ਗੁਪਤਾ

Contd.....Front page

ਮੁੱਖ ਮੰਤਰੀ ਨੇ ਅਧਿਕਾਰੀਆਂ ਨੂੰ ਇਨ੍ਹਾਂ ਯੋਜਨਾਵਾਂ ਨੂੰ ਲਾਗੂ ਕਰਨ ਵਿੱਚ ਸੁਧਾਰ ਲਿਆਉਣ ਅਤੇ ਪਾਰਦਰਸ਼ਤਾ ਅਤੇ ਜਵਾਬਦੇਹੀ ਨੂੰ ਯਕੀਨੀ ਬਣਾਉਣ ਲਈ ਸਰਗਰਮ ਕਦਮ ਚੁੱਕਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਸਾਡਾ ਉਦੇਸ਼ ਇੱਕ ਮਜ਼ਬੂਤ, ਸਮਾਵੇਸ਼ੀ ਅਤੇ ਸੰਵੇਦਨਸ਼ੀਲ ਸਹਾਇਤਾ ਪ੍ਰਣਾਲੀ ਬਣਾਉਣਾ ਹੈ। ਅਸੀਂ ਇਹ ਯਕੀਨੀ ਬਣਾਵਾਂ

ਖ਼ਤਰਨਾਕ ਗੈਂਗਸਟਰਾਂ ਦਾ ਗੁਰਗਾ ਗ੍ਰਿਫ਼ਤਾਰ, ਇਕ ਗਲੋਕ ਪਿਸਤੌਲ ਤੇ 20 ਰੌਂਦ ਬਰਾਮਦ

ਕੌਮੀ ਪੜ੍ਹਿਕਾ

ਤਰਨਤਾਰਨ 21 ਜੁਲਾਈ। ਜ਼ਿਲੇ ਦੀ ਸੀ. ਆਈ. ਏ. ਸਟਾਫ ਪੁਲਸ ਵੱਲੋਂ ਵਿਦੇਸ਼ 'ਚ ਬੈਠੇ ਅੱਤਵਾਦੀ ਲਖਬੀਰ ਸਿੰਘ ਲੰਡਾ ਦੇ ਇਕ ਗੁਰਗੇ ਨੂੰ ਗ੍ਰਿਫਤਾਰ ਕਰਦੇ ਹੋਏ ਉਸ ਪਾਸੋਂ ਇਕ ਗਲੋਕ 9 ਐੱਮ.ਐੱਮ. ਪਿਸਤੌਲ ਅਤੇ 20 ਜਿੰਦਾ ਰੌਂਦ ਬਰਾਮਦ ਕਰਨ 'ਚ ਵੱਡੀ ਸਫਲਤਾ ਹਾਸਲ ਕੀਤੀ ਗਈ ਹੈ। ਜ਼ਿਕਰਯੋਗ ਹੈ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਵੱਲੋਂ ਬੀਤੇ ਸਮੇਂ 'ਚ ਤਿੰਨ ਵਪਾਰੀਆਂ ਨੂੰ ਆਪਣਾ ਨਿਸ਼ਾਨਾ ਫਿਰੌਤੀ ਲਈ ਬਣਾਇਆ ਗਿਆ ਸੀ। ਆਪਣੇ ਦਫਤਰ 'ਚ ਕੀਤੀ ਗਈ ਪ੍ਰੈੱਸ ਕਾਨਫਰੰਸ ਦੌਰਾਨ ਜਾਣਕਾਰੀ ਦਿੰਦੇ ਹੋਏ ਐੱਸ.ਐੱਸ.ਪੀ. ਦੀਪਕ ਪਾਰੀਕ ਨੇ ਦੱਸਿਆ ਕਿ ਸੀ. ਆਈ. ਏ. ਸਟਾਫ ਦੇ ਇੰਚਾਰਜ ਇੰਸਪੈਕਟਰ ਪ੍ਰਭਜੀਤ ਸਿੰਘ ਦੀ ਟੀਮ ਨੂੰ ਵੱਖ-ਵੱਖ ਤਕਨੀਕੀ ਸੋਰਸਾਂ ਰਾਹੀਂ ਇਕ ਸੂਚਨਾ ਪ੍ਰਾਪਤ ਹੋਈ ਕਿ ਗੁਰਬੀਰ ਸਿੰਘ ਪੁੱਤਰ ਸੱਜਣ ਸਿੰਘ ਵਾਸੀ ਰਾਜੋਕੇ ਦੇ ਵਿਦੇਸ਼ 'ਚ ਬੈਠੇ ਗੈਂਗਸਟਰਾਂ ਨਾਲ ਸਬੰਧ ਹਨ, ਜਿਸ ਕੋਲ ਨਾਜਾਇਜ਼ ਅਸਲਾ ਵੀ ਮੌਜੂਦ ਹੈ। ਇਸ ਮੁਲਜ਼ਮ ਵੱਲੋਂ ਕਈ ਵਾਰਦਾਤਾਂ ਨੂੰ ਅੰਜਾਮ ਦਿੱਤਾ ਜਾ ਚੁੱਕਾ ਹੈ, ਜੋ ਅੱਜ ਬਿਨਾਂ

ਨੰਬਰੀ ਮੋਟਰਸਾਈਕਲ ਉਪਰ ਸਵਾਰ ਹੋ ਕਿਸੇ ਵਾਰਦਾਤ ਨੂੰ ਨਾਜਾਇਜ਼ ਹਥਿਆਰ ਸਮੇਤ ਅੰਜਾਮ ਦੇਣ ਲਈ ਘੁੰਮ ਰਿਹਾ ਹੈ। ਐੱਸ. ਐੱਸ. ਪੀ. ਨੇ ਦੱਸਿਆ ਕਿ ਇਸ ਸੂਚਨਾ ਦੇ ਆਧਾਰ ਉਪਰ ਪੁਲਸ ਵੱਲੋਂ ਡੀ. ਐੱਸ. ਪੀ. ਦੀ ਗੁਰਿੰਦਰ ਪਾਲ ਸਿੰਘ ਨਾਗਰਾ ਦੀ ਅਗਵਾਈ ਹੇਠ ਪਿੰਡ ਜਾਮਾਰਾਏ ਨਜ਼ਦੀਕ ਵਿਖੇ ਇਕ ਵਿਸ਼ੇਸ਼ ਨਾਕਾਬੰਦੀ ਕਰਦੇ ਹੋਏ ਵਾਹਨਾਂ ਦੀ ਚੈਕਿੰਗ ਕਰਨੀ ਸ਼ੁਰੂ ਕਰ ਦਿੱਤੀ ਗਈ। ਇਸ ਦੌਰਾਨ ਮੋਟਰਸਾਈਕਲ ਬਿਨਾਂ ਨੰਬਰ ਉਪਰ ਸਵਾਰ ਹੋ ਇਕ ਨੌਜਵਾਨ ਆਉਂਦਾ ਦਿਖਾਈ ਦਿੱਤਾ, ਜੋ ਪੁਲਸ ਪਾਰਟੀ ਨੂੰ ਵੇਖ ਵਾਪਸ ਮੁੜਨ ਲੱਗਾ ਤਾਂ ਪੁਲਸ ਨੇ ਘੇਰਾ ਪਾਉਂਦੇ ਹੋਏ ਇਸਨੂੰ ਕਾਬੂ ਕਰ ਲਿਆ। ਐੱਸ.ਐੱਸ.ਪੀ. ਨੇ ਦੱਸਿਆ ਕਿ ਕਾਬੂ ਕੀਤੇ ਗਏ ਮੁਲਜ਼ਮ ਦੀ ਪਹਿਚਾਣ ਗੁਰਬੀਰ ਸਿੰਘ ਪੁੱਤਰ ਸੱਜਣ ਸਿੰਘ ਵਜੋਂ ਹੋਈ, ਜਿਸ ਦੀ ਤਲਾਸ਼ੀ ਲੈਣ ਦੌਰਾਨ ਉਸ ਪਾਸੋਂ ਇਕ 9 ਐੱਮ.ਐੱਮ. ਗਲੋਕ ਪਿਸਤੌਲ ਮੇਡ ਇਨ ਆਸਟਰੀਆ ਬਰਾਮਦ ਕੀਤਾ ਗਿਆ, ਜਿਸ ਦੇ ਨਾਲ 20 ਰੌਂਦ ਵੀ ਮੌਜੂਦ ਸਨ। ਐੱਸ.ਐੱਸ.ਪੀ ਨੇ ਦੱਸਿਆ ਕਿ ਗ੍ਰਿਫਤਾਰ ਕੀਤੇ ਗਏ ਮੁਲਜ਼ਮ ਦੇ ਸਬੰਧ ਵਿਦੇਸ਼ ਵਿਚ ਬੈਠੇ ਅੱਤਵਾਦੀ ਲਖਬੀਰ ਸਿੰਘ ਲੰਡਾ, ਸਤਨਾਮ ਸਿੰਘ ਉਰਫ ਸੱਤਾ ਅਤੇ ਯਾਦਵਿੰਦਰ ਸਿੰਘ ਦੇ ਸੰਪਰਕ ਵਿਚ ਸੀ, ਜਿਨ੍ਹਾਂ ਦੇ ਕਹਿਣੇ ਉਪਰ ਇਸ ਵੱਲੋਂ ਵੱਖ-ਵੱਖ ਵਾਰਦਾਤਾਂ ਨੂੰ ਫਿਰੌਤੀ ਲਈ ਅੰਜਾਮ ਦਿੱਤਾ ਗਿਆ। ਉਨ੍ਹਾਂ ਦੱਸਿਆ ਕਿ ਗੁਰਬੀਰ ਸਿੰਘ ਦੇ ਖਿਲਾਫ ਪਿੰਡ ਰੂੜੀਵਾਲਾ ਵਿਖੇ ਇਕ ਸਕੂਲ ਮਾਲਕ ਪਾਸੋਂ ਫਿਰੌਤੀ ਦੀ ਮੰਗ ਕਰਦੇ ਹੋਏ ਘਰ ਉਪਰ ਫਾਇਰਿੰਗ ਕੀਤੀ ਗਈ ਸੀ, ਇਸ ਤੋਂ ਇਲਾਵਾ ਖੇਮਕਰਨ ਵਿਖੇ ਇਕ ਜੂਸ ਬਾਰ ਮਾਲਕ ਅਤੇ ਪਿੰਡ ਰਾਜੋਕੇ ਵਿਖੇ ਕਰਿਆਨਾ ਸਟੋਰ ਮਾਲਕ ਨੂੰ ਫਿਰੌਤੀ ਲਈ ਨਿਸ਼ਾਨਾ ਬਣਾਉਂਦੇ ਹੋਏ ਫਾਇਰਿੰਗ ਕੀਤੀ ਗਈ ਸੀ। ਪੁਲਸ ਨੇ ਇਨ੍ਹਾਂ ਤਿੰਨਾਂ ਅਨਟਰੇਸ ਕੇਸਾਂ ਨੂੰ ਵੀ ਹੱਲ ਕਰ ਲਿਆ ਹੈ।

ਪੰਜਾਬ 'ਚ ਕੱਚੇ ਮਕਾਨਾਂ ਵਾਲਿਆਂ ਲਈ ਆਈ ਜ਼ਰੂਰੀ ਖ਼ਬਰ, ਵੱਡੀ ਸਕੀਮ ਦਾ ਲਾਭ ਲੈਣਾ ਹੈ ਤਾਂ...

ਸਮਰਾਲਾ 21 ਜੁਲਾਈ। ਪ੍ਰਧਾਨ ਮੰਤਰੀ ਆਵਾਸ ਯੋਜਨਾ (ਗ੍ਰਾਮੀਣ) ਦਾ ਲਾਭ ਲੈਣ ਲਈ ਭਾਰਤ ਸਰਕਾਰ ਵੱਲੋਂ 31 ਜੁਲਾਈ ਤੱਕ ਸਮੇਂ 'ਚ ਵਾਧਾ ਕੀਤਾ ਗਿਆ ਹੈ। ਡਿਪਟੀ ਕਮਿਸ਼ਨਰ ਲੁਧਿਆਣਾ ਹਿਮਾਂਸ਼ੂ ਜੈਨ ਵੱਲੋਂ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਕਿ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ, ਪੰਜਾਬ ਅਧੀਨ ਕੱਚੇ ਮਕਾਨਾਂ ਨੂੰ ਪੱਕੇ ਕਰਨ ਲਈ ਪ੍ਰਧਾਨ ਮੰਤਰੀ ਆਵਾਸ ਯੋਜਨਾ (ਗ੍ਰਾਮੀਣ) ਤਹਿਤ ਸਰਕਾਰ ਵੱਲੋਂ ਨਵੇਂ ਲਾਭਪਾਤਰੀਆਂ ਦੀ ਸ਼ਨਾਖ਼ਤ ਕਰਨ ਲਈ ਮੋਬਾਇਲ ਐਪ 'ਆਵਾਸ ਪਲਸ 2024' ਨੂੰ 15 ਮਈ ਤੱਕ ਖੋਲ੍ਹਿਆ ਗਿਆ ਸੀ। ਉਨ੍ਹਾਂ ਦੱਸਿਆ ਕਿ ਲੁਧਿਆਣਾ ਦੇ ਪੇਂਡੂ ਖੇਤਰ ਅਧੀਨ ਕੁੱਲ 39,117 ਲਾਭਪਾਤਰੀਆਂ ਵੱਲੋਂ ਲਾਭ ਲੈਣ ਲਈ ਆਪਣਾ ਨਾਂ ਦਰਜ ਕਰਵਾਇਆ ਗਿਆ ਸੀ। ਸਰਕਾਰ ਵਲੋਂ ਜਾਰੀ ਹਦਾਇਤਾਂ ਅਨੁਸਾਰ ਇਸ ਸਰਵੇਖਣ ਦੀ ਆਖ਼ਰੀ ਮਿਤੀ 'ਚ ਵਾਧਾ ਕਰਦੇ ਹੋਏ ਹੁਣ 31 ਜੁਲਾਈ ਤੱਕ ਇਕ ਵਾਰ ਫਿਰ ਤੋਂ ਇਹ ਖੋਲ੍ਹਿਆ ਗਿਆ ਹੈ, ਜਿਸ ਦੇ ਤਹਿਤ ਇਸ ਐੱਪ 'ਤੇ ਸਰਵੇ ਰਾਹੀਂ ਯੋਗ ਲਾਭਪਾਤਰੀਆਂ ਦੀਆਂ ਐਂਟਰੀਆਂ ਘਰ-ਘਰ ਜਾ ਕੇ ਕਰਨ ਲਈ ਬਲਾਕ ਪੱਧਰ ਤੋਂ ਹਰ ਪਿੰਡ ਲਈ ਵੱਖੋ-ਵੱਖਰੇ ਸਰਵੇਅਰ ਲਾਏ ਗਏ ਹਨ ਤਾਂ ਜੋ ਕਿ ਕੋਈ ਵੀ ਯੋਗ ਲਾਭਪਾਤਰੀ ਇਸ ਸਕੀਮ ਅਧੀਨ ਲਾਭ ਲੈਣ ਤੋਂ ਵਾਂਝਾ ਨਾ ਰਹਿ ਸਕੇ। ਇਸ ਮੋਬਾਇਲ ਐਪ 'ਤੇ ਰਜਿਸਟ?ਰੇਸ਼ਨ ਬਿਲਕੁਲ ਮੁਫ਼ਤ ਹੋਣ ਕਰਕੇ ਲਾਭਪਾਤਰੀਆਂ ਪਾਸੋਂ ਕਿਸੇ ਵੀ ਕਿਸਮ ਦੀ ਕੋਈ ਵੀ ਫ਼ੀਸ ਨਹੀਂ ਲਈ ਜਾਂਦੀ ਹੈ। ਏ. ਡੀ. ਸੀ. ਵੱਲੋਂ ਜ਼ਿਲ੍ਹੇ ਦੇ ਸਮੂਹ ਪਿੰਡਾਂ ਨਾਲ ਸਬੰਧਿਤ ਯੋਗ/ਲੋੜਵੰਦ ਪਰਿਵਾਰਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਇਸ ਸਕੀਮ ਅਧੀਨ ਵੱਧ ਤੋਂ ਲਾਭ ਉਠਾਇਆ ਜਾਵੇ।

ਭਿਆਨਕ ਹਾਦਸੇ ਨੇ ਵਿਛਾ'ਤੀਆਂ ਲਾਸ਼ਾਂ ! ਕਾਰ ਤੇ ਈ-ਰਿਕਸ਼ਾ ਦੀ ਟੱਕਰ ਕਾਰਨ 2 ਦੀ ਮੌਤ, 5 ਹੋਰ ਜ਼ਖ਼ਮੀ

ਨੈਸ਼ਨਲ ਡੈਸਕ 21 ਜੁਲਾਈ। ਐਤਵਾਰ ਨੂੰ ਉੱਤਰ ਪ੍ਰਦੇਸ਼ ਦੇ ਬਲਰਾਮਪੁਰ ਜ਼ਿਲ੍ਹੇ ਤੋਂ ਇਕ ਦੁਖ਼ਦਾਈ ਖ਼ਬਰ ਸਾਹਮਣੇ ਆ ਰਹੀ ਹੈ, ਜਿੱਥੋਂ ਦੇ ਬਰਹਦਨੀ ਰਾਸ਼ਟਰੀ ਰਾਜਮਾਰਗ 'ਤੇ ਇੱਕ ਕਾਰ ਦੀ ਟੱਕਰ ਨਾਲ ਈ-ਰਿਕਸ਼ਾ ਵਿੱਚ ਸਵਾਰ ਦੋ ਲੋਕਾਂ ਦੀ ਮੌਤ ਹੋ ਗਈ, ਜਦਕਿ ਪੰਜ ਹੋਰ ਜ਼ਖਮੀ ਹੋ ਗਏ। ਜਾਣਕਾਰੀ ਦਿੰਦੇ ਹੋਏ ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਬਲਰਾਮਪੁਰ ਤੋਂ ਬਰਹਦਨੀ ਵੱਲ ਆ ਰਹੀ ਇੱਕ ਅਰਟੀਗਾ ਕਾਰ ਨੇ ਸ਼ੰਕਰਪੁਰ ਚੌਰਾਹੇ ਵੱਲ ਜਾ ਰਹੇ ਯਾਤਰੀਆਂ ਨਾਲ ਭਰੇ ਈ-ਰਿਕਸ਼ਾ ਨੂੰ ਟੱਕਰ ਮਾਰ ਦਿੱਤੀ। ਪੁਲਸ ਨੇ ਦੱਸਿਆ ਕਿ ਟੱਕਰ ਇੰਨੀ ਭਿਆਨਕ ਸੀ ਕਿ ਈ-ਰਿਕਸ਼ਾ ਬੁਰੀ ਤਰ੍ਹਾਂ ਨੁਕਸਾਨਿਆ ਗਿਆ ਅਤੇ ਸ਼ੰਕਰਪੁਰ ਨਿਵਾਸੀ ਮੁਸਤਫਾ (45) ਦੀ ਮੌਕੇ 'ਤੇ ਹੀ ਮੌਤ ਹੋ ਗਈ ਜਦੋਂ ਕਿ ਕਲਬ ਹੁਸੈਨ (70) ਦੀ ਹਸਪਤਾਲ ਲਿਜਾਂਦੇ ਸਮੇਂ ਮੌਤ ਹੋ ਗਈ। ਪੁਲਸ ਅਨੁਸਾਰ ਹਾਦਸੇ ਵਿੱਚ ਈ-ਰਿਕਸ਼ਾ ਚਾਲਕ ਸਮੇਤ ਪੰਜ ਲੋਕ ਜ਼ਖਮੀ ਹੋ ਗਏ, ਜਿਨ੍ਹਾਂ ਨੂੰ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ। ਤੁਲਸੀਪੁਰ ਪੁਲਸ ਸਰਕਲ ਅਫਸਰ (ਸੀ.ਓ.) ਬ੍ਰਿਜ ਨੰਦਨ ਰਾਏ ਨੇ ਦੱਸਿਆ ਕਿ ਲਾਸ਼ਾਂ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ ਗਿਆ ਹੈ ਅਤੇ ਹਾਦਸੇ ਦੀ ਜਾਂਚ ਕੀਤੀ ਜਾ ਰਹੀ ਹੈ। ਘਟਨਾ ਦੀ ਜਾਣਕਾਰੀ ਮਿਲਣ 'ਤੇ ਖੇਤਰੀ ਵਿਧਾਇਕ ਰਾਕੇਸ਼ ਯਾਦਵ ਨੇ ਮ੍ਰਿਤਕਾਂ ਦੇ ਪਰਿਵਾਰਕ ਮੈਂਬਰਾਂ ਨਾਲ ਮੁਲਾਕਾਤ ਕੀਤੀ ਅਤੇ ਸੰਵੇਦਨਾ ਪ੍ਰਗਟ ਕੀਤੀ ਅਤੇ ਸਰਕਾਰ ਤੋਂ ਮ੍ਰਿਤਕਾਂ ਦੇ ਆਸ਼ਰਿਤਾਂ ਨੂੰ 10-10 ਲੱਖ ਰੁਪਏ ਅਤੇ ਜ਼ਖਮੀਆਂ ਨੂੰ 2-2 ਲੱਖ ਰੁਪਏ ਦੀ ਸਹਾਇਤਾ ਦੇਣ ਦੀ ਮੰਗ ਕੀਤੀ।

NAME CHANGE
I, PRITI DAS D/O DALIP KUMAR residing at D-293 J.J COLONY KHYALA, DELHI-110018 . have changed my name to PRITY DASS for all future purposes.

NAME CHANGE
I, S BHASKARA VIJAY KUMAR residing at-H NO-6-225/6, PADMANABHANAGAR, VENKATAPURAM, NEAR RAMALAYAM, VISAKHAPATNAM, ANDHRA PRADESH-530029, have changed my mother's name from SENAPATHI VENKATA RATNAM to SENAPATHI APPALA RATNAM for all future purposes vide Affidavit dated 16/07/2025 before Notary Public, Delhi.

NAME CHANGE
I, SWETA RAI BHUTIA Wife of No. 5458488P Rank-NK Name-TSHERING BHUTIA Presently residing at VILL-DURPIN GUMBA, PO-KALIMPONG, DISTT-KALIMPONG, WEST BENGAL-734301, have changed my name from SWETA RAI BHUTIA to SWETA RAI for all future purposes vide Affidavit dated 16/07/2025 before Notary Public, Delhi.

NAME CHANGE
I, DEEPAK KUMAR VERMA S/O PARTAP SINGH resident of H.No.16, Tara Nagar Main Kakrola Road, Kakrola, South West Delhi, Delhi-110078 have changed the name of my minor daughter SHREYA ALIAS SHREYA VERMA aged 13 years, and she shall hereafter be known as SHREYA VERMA.

NAME CHANGE
I hitherto known as SAMEERA SINGH D/O SUDHIR KUMAR SINGH residing at Flat No.E-1058, River Heights, Raj Nagar, Extension, Tower-15, Ghaziabad, U.P.-201001, have changed my name and shall hereafter be known as SAMEERA SINGH AMETHIA.

NAME CHANGE
I, Kulsum w/o Rozuddin R/o B-17, Gali No.3A, Near Mohalla Dilshad Masjid, Old Mustafabad, Delhi-110094, have changed my name to Kulsoom for all future purposes.

NAME CHANGE
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

PUBLIC NOTICE
It is for general information that I, Rahul Vishwakarma S/o H.P. Vishvakarma R/o J-4, Ground Floor Gandhi Market, Mir Dard Road, Minto Road, Indraprastha, Central Delhi, Delhi-110002 declare that name of mine has been wrongly written as Rahul Kumar Vishvakarma in my minor daughter namely Anika Vishvakarma aged 5 years in his School Records. The actual name of mine is Rahul Vishwakarma.

PUBLIC NOTICE
It is for general information that 1 INDU CHAUHAN W/O NARENDER SINGH CHAUHAN R/O N-129/1, T-HUTS, KHILONA BAGH DIST NORTH WEST DELHI-110009 declare that name of mine has been wrongly written as INDU KANWAR in my minor son namely HARSH VARDHAN SINGH CHAUHAN aged 13 years in his school record and birth certificate No. MCDOLIR - 2211-005020356. The actual name of mine is INDU CHAUHAN which may be amended accordingly

PUBLIC NOTICE
It is for general information that CHANDER VEER S/O RAM JI LAL R/O Q-157 Vikas Vihar Uttam Nagar West Delhi Delhi-110059 declare that name of mine has been wrongly written as CHANDER PAL in my minor daughter namely KIRTI aged 15 years in her birth certificate No.MCDOLIR-0110-004425168. The actual name of mine is CHANDER VEER which may be amended accordingly

NAME CHANGE
I, hitherto known as ASHISH KUMAR RATHOR S/O PURAN LAL R/O Q-48, RAJEEV NAGAR BEGUM PUR, NORTH WEST DELHI, DELHI-110086, have changed my name and shall hereafter be known as RAZA AHMED.

NAME CHANGE
I, Sushma D/O Shambu Prasad Dharmana W/O Vinod Kumar R/O B-6 Police Colony Mandir Marg New Delhi 110001 Have changed my name to Sushma Badola for all future purposes.

NAME CHANGE
It is for general information that I ASHISH KUMAR SINHA S/o KHAGEN CHANDRA SINHA R/o House No. 67, Alipur Road, Near Kasturi Ram College, Kureni, North West Delhi, Delhi - 110040, declare that name of my wife and my minor Daughter has been wrongly written as PINKI SINHA and ANUGYA SINHA in my minor Daughter namely ANUGYA aged 16 year in her 10th Class Educational Documents. The actual name of my wife and my minor daughter are PINKI KUMARI and ANUGYA, which may be amended accordingly.

PUBLIC NOTICE
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

NAME CHANGE
I, MOGHAL FATHIMA BAIG Wife of JC-335017L Rank-NB/SUB Name-MOGHAL MOHAMMAD BAIG Presently residing at 9-5-5, ANDHRA RATNA NAGAR, PERALA HIGH SCHOOL, PERALA, CHIRALA PRAKASAM DISTRICT, ANDHRA PRADESH-523157, have changed my name from MOGHAL FATHIMA BAIG to FATHIMA SHAIK for all future purposes vide Affidavit dated 16/07/2025 before First Class Magistrate, Shillong, Meghalaya.

NAME CHANGE
I Jugal Kishor S/o Lila Dhar R/o H.No-196 S/F, Kh.No-619/21, Chattar Pur, South Delhi, Delhi-110074 have changed the name of my minor daughter namely Krishna Devi aged 16 years and she shall hereafter be known as Priya.

NAME CHANGE
I hitherto known as Farman S/o Akeel Ahmed R/o B 272/27, Gali No 4, Subhash Mohalla North Ghonda, Garhi Mendu, Bhajan Pura, North East, Delhi-110053 have changed my name and shall hereafter be known as Farman Ahmed.

NAME CHANGE
I hitherto known as Atif S/o Manzoor Khan R/o 1/99-C, 4F/F, Gali No-5, Guru Harkrishan School Wali Gali, Kabir Nagar, Gokal Pur, North East Delhi, Delhi-110094 have changed my name and shall hereafter be known as Atif Khan.

NAME CHANGE
I hitherto known as Aakash S/o Makan Singh Rawat R/o 2087/5, Gali No.20, Prem Nagar Patel Nagar, Patel Nagar S.O, Central Delhi, Delhi-110008 have changed my name and shall hereafter be known as Akash Rawat.

NAME CHANGE
I hitherto known as Sanam Kumari W/o Samarjeet Gupta R/o E-400-D, Block-E, Ashok Nagar, Vasundhra Enclave, East Delhi, Delhi, Delhi-110096 have changed my name and shall hereafter be known as Sonam Sav.

NAME CHANGE
I hitherto known as Laxman Yadav alias Bhavikshan Yadav S/O Bechan Yadav R/O Gram Debra, Post Bela, Thana Babubarhi, Ward No-02, Bela, PO Bela, Dist Madhubani, Bihar-847224 have changed my name and shall hereafter be known as Bhavikshna Yadav.

PUBLIC NOTICE
It is for general information that I, NIDHI AGGARWAL YADAV D/o VIRENDER KUMAR AGGARWAL, and Ex. Wife of AMIT YADAV, R/o H.No E-12, Hauz Khas, South West Delhi-110016, declare that I got divorce from my Ex. Husband AMIT YADAV vide Court Decree HMA No. 603/2019 dated 30 - 04-2019, further I have changed my name and shall hereafter be known as NIDHI AGGARWAL. I also have changed the name of my minor Son namely AAYAN YADAV, aged 16 years and my minor daughter namely ARSHIYA YADAV, aged 13 years and they shall hereafter be known as AAYAN AGGARWAL and ARSHIYA AGGARWAL respectively, which may be amended accordingly.

NAME CHANGE
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

NAME CHANGE
I, Sansare Amrut Narayan father of No.4580889H Rank-Hav Name Sansare Ravindra Amrut residing at Vill. Deolali Pravara, Tehsil - Rahuri, District.Ahilyanagar, Maharashtra - 413716 have changed my name from Sansare Amrut Narayan to Amrut Narayan Sansare vide affidavit dated 15.07.2025 executed before Notary Public, Delhi.

NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

NAME CHANGE
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

PUBLIC NOTICE
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

NAME CHANGE
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

NAME CHANGE
I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

NAME CHANGE
I, Sudama Sharma S/O Devi Ram Sharma,R/O A - 3/106 - 107 , Sector-16 Rohini, Rohini Sector 15, North West Delhi, Delhi - 110089, have changed the name of my minor son namely Yash Sharma aged 15 years and he shall hereafter be known as Aayush Sharma.

NAME CHANGE
I, S VANITHA W/o No. 14838283N Rank-HAV/MT Name-RAMESH P R/o VILL-SEDRAMPUTTU, PO-SEDRAMPUTTU, TEH-POLUR, DIST-THRUVANNAMALAI, TAMIL NADU-632315, have changed my name from S VANITHA to VANITHA R for all future purposes vide Affidavit dated 15/07/2025 before Notary Public, Kupwara.

NAME CHANGE
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

NAME CHANGE
I, SANJAY KUMAR CHOUDHARY S/o LATE SH. LAXMAN CHAUDHARY Permanent R/o Parsauni Khirodhar, Sitamarhi, Bihar-843325 and Presently Residing at Plot No. B-20, Second Floor, Dass Garden, Baprola Vihar, Najafgarh, New Delhi-110043. declare that name of mine has been wrongly written as SANJAY CHOUDHARY in my minor daughter namely SHIWANGI CHOUDHARY aged 17 years in her 10th class Marksheet. The actual name of mine is SANJAY KUMAR CHOUDHARY, which may be amended accordingly.

NAME CHANGE
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

NAME CHANGE
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

PUBLIC NOTICE
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained
[NAVEEN KUMAR VERMA]
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

PUBLIC NOTICE
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.
ARJUN BIDHURI Advocate
CH. NO.536, Saket Courts
New Delhi-110017.

NAME CHANGE
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

PUBLIC NOTICE
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07

ਕਾਵਿ ਕਿਆਰੀ

ਬਾਬਲ ਦੇ ਵਿਹੜੇ ਨੀਂ

ਬਾਬਲ ਦੇ ਵਿਹੜੇ ਨੀਂ
ਸਭ ਖ਼ੁਸ਼ੀਆਂ ਖੇੜੇ ਨੀਂ।
ਦਿਨ ਹੱਸਣ ਖੇਡਣ ਦੇ,
ਦੁੱਖ ਮਾਂ ਨੂੰ ਦੱਸਣ ਦੇ,
ਇੱਥੇ ਕੋਈ ਵੀ ਝੇੜੇ ਨ੍ਹੀਂ,
ਬਾਬਲ ਦੇ ਵਿਹੜੇ ਨੀਂ।
ਕੁਝ ਗਾ ਤੇ ਟੱਪ ਲਿਆ,
ਦਾਜ ਬਣਾ ਕੇ ਰੱਖ ਲਿਆ,
ਰਾਗ ਸਹੇਲੀਆਂ ਛੇੜੇ ਨੀਂ,
ਬਾਬਲ ਦੇ ਵਿਹੜੇ ਨੀਂ।
ਮਾਂ ਸ਼ਾਮੀ ਸੁਵਾ ਦਿੰਦੀ,
ਤੇ ਸੁਬ੍ਹਾ ਜਗਾ ਦਿੰਦੀ,
ਕਦੇ ਚੁੱਕ ਕੰਧੇੜੇ ਨੀਂ,
ਬਾਬਲ ਦੇ ਵਿਹੜੇ ਨੀਂ।
ਕੋਈ ਵੀ ਨਾ ਝਮੇਲਾ ਸੀ,
ਬਸ ਮੇਲਾ ਹੀ ਮੇਲਾ ਸੀ,
ਮਹਿਕ ਚਾਰ ਚੁਫ਼ੇਰੇ ਨੀਂ,
ਬਾਬਲ ਦੇ ਵਿਹੜੇ ਨੀਂ।
ਜਦ ਮੈਂ ਰੁੱਸਦੀ ਸੀ,
ਮਾਂ ਗੋਦੀ ਚੁੱਕਦੀ ਸੀ,
ਵਾਲ਼ ਗੁੰਦਦੀ ਮੇਰੇ ਨੀਂ,
ਬਾਬਲ ਦੇ ਵਿਹੜੇ ਨੀਂ।
ਵਿੱਚ ਤੀਆਂ ਜਾਂਦੀ ਸੀ,
ਰੱਜ ਪੀਂਘਾਂ ਪਾਉਂਦੀ ਸੀ,
ਖਾਂਦੀ ਮੱਖਣ ਪੇੜੇ ਨੀਂ,
ਬਾਬਲ ਦੇ ਵਿਹੜੇ ਨੀਂ।
ਪੇਕੇ ਯਾਦ ਆਉਂਦੇ ਨੇ,
ਕੁਝ ਸੁਪਨੇ ਸਤਾਉਂਦੇ ਨੇ,
ਸੱਜਣ ਦੇ ਵਿਹੜੇ ਨੀਂ।
ਬਾਬਲ ਦੇ ਵਿਹੜੇ ਨੀਂ,
ਸਭ ਖ਼ੁਸ਼ੀਆਂ ਖੇੜੇ ਨੀਂ।

- ਡਾ. ਦਰਸ਼ਨ ਕੌਰ ਭੀਖੀ
ਸੰਪਰਕ: 98884-90481

ਦੋਹੇ

ਦੋਹਾ ਦੋਹਾ ਆਖਦੇ, ਸੁਣੋ ਮਾਤਰਿਕ ਛੰਦ।
ਤੇਰਾਂ ਤੇ ਵਿਸ਼ਰਾਮ ਕਰ, ਚੌਵੀ ਤੇ ਹੋ ਬੰਦ।
ਕੂੜ ਪਸਾਰਾ ਫੈਲਿਆ, ਕਿਵੇਂ ਮਿਟੇ ਅੰਧਕਾਰ।
ਵਿੱਦਿਆ ਰੂਪੀ ਦੀਪ ਲੈ, ਰੌਸ਼ਨ ਕਰ ਸੰਸਾਰ।
ਕੌਣ ਕਿਸੇ ਦੀ ਕਦ ਸੁਣੇ, ਜਦ ਮਨ ਅੰਦਰ ਖੋਟ।
ਉਸ ਪਲ ਚੇਤੇ ਆਂਵਦੀ, ਲੱਗਦੀ ਹੈ ਜਦ ਚੋਟ।
ਸੱਚ ਝੂਠ ਦੀ ਪਰਖ ਨਾ, ਨਾ ਹੀ ਮਨ ਵਿਸ਼ਵਾਸ।
ਏਸ ਜਗਤ ਮੇਂ ਸੁਣ ਮਨਾ, ਕਿਆ ਕਿਸੇ ਤੋਂ ਆਸ।
ਛੱਡ ਪਰਾਈ ਚਾਕਰੀ, ਖ਼ੁਦ ਦੀ ਪਾ ਲੈ ਹੱਟ।
ਆਪਣੇ ਵਰਗਾ ਸੁਖ ਨਹੀਂ, ਬਹੁਤਾ ਭਾਵੇਂ ਘੱਟ।
ਝੱਖੜ ਝੋਲਾ ਜਦ ਚੱਲੇ, ਪਹਿਲਾਂ ਮਰੇ ਕਿਸਾਨ।
ਅੱਗ ਸਬਰ ਦੀ ਭੜਕਦੀ, ਘਰ ਬਣਦੇ ਸ਼ਮਸ਼ਾਨ।
ਜਦੋਂ ਸੁਆਰਥ ਪਣਪਦਾ, ਮਾਰੀ ਜਾਂਦੀ ਬੁੱਧ।
ਕੰਧਾਂ ਪਾਵਣ ਕੀਰਨੇ, ਛਿੜੇ ਘਰੇਲੂ ਯੁੱਧ।

– ਸੰਤ ਸਿੰਘ ਸੋਹਲ
93166-25738

ਗ਼ਜ਼ਲ

ਬੰਦ, ਹਨੇਰਿਆਂ ਦਾ ਮਚਾਇਆ ਕੋਹਰਾਮ ਕਰੀਏ।
ਮੁੜ੍ਹਕੇ ਦੀ ਹੁੰਦੀ ਲੁੱਟ ਦੇ ਰਾਹ ਜਾਮ ਕਰੀਏ।
ਮੁੜ੍ਹਕਾ ਜੇ ਡੁੱਲ੍ਹਿਆ ਕਿਰਤੀ ਦਾ, ਬਹਾਰ ਖਿੜੀ,
ਦੇਸ਼ ਦੀ ਖੁਸ਼ਹਾਲੀ ਉਹਦੇ ਨਾਮ ਕਰੀਏ।
ਚੂੰਡ ਚੂੰਡ ਕੇ ਖਾ ਗਏ ਨੇਤਾ ਸੋਨ ਚਿੜੀ,
ਇਸ ਪਾਕ ਲੋਕ ਆਵਾਜ਼ ਨੂੰ ਸਲਾਮ ਕਰੀਏ।
ਕਰਨ ਲੋਕ ਨਾ ਢਾਰਿਆਂ ਦੇ ਕਿਉਂ ਖ਼ੁਦਕੁਸ਼ੀ?
ਕਹਿੰਦੇ ਲਾਲੋ ਵਾਂਗੂੰ ਕਿਰਤ ਤਮਾਮ ਕਰੀਏ।
ਵੰਡਣ ਧਰਮ ਸਥਾਨ ਜੋ ਸਾਨੂੰ, ਪੂਜੀਏ ਕਿਉਂ?
ਉਸਤਤ ਮਿਹਨਤਕਸ਼ਾਂ ਦੀ ਸੁਬ੍ਹਾ ਸ਼ਾਮ ਕਰੀਏ।
ਹਰ ਬੰਦੇ ਦੀ ਸੋਚ ਦੇ ਉੱਡਣ ਦਿਉ ਪੰਖੇਰੂ,
ਰਾਜ ਸਿੰਘਾਸਨ ਜ਼ਰੀਏ ਨਾ ਗੁਲਾਮ ਕਰੀਏ।
ਵੇਖ ਹੁੰਦਾ ਅਨਿਆਂ ਲਹੂ ਖੌਲ ਉੱਠਦਾ,
'ਦੇਵਲ' ਸੱਚ ਦੀ ਮਦਦ ਸ਼ਰੇਆਮ ਕਰੀਏ।

– ਸੁਰਜੀਤ ਦੇਵਲ

ਦਰਜਾਬੰਦੀ

ਵਿਦਿਆਰਥੀਆਂ ਦੇ ਖੇਡ ਮੁਕਾਬਲੇ, ਕੈਂਪ, ਸਹਿਯੋਗੀ ਗਤੀਵਿਧੀਆਂ ਜਾਂ ਫਿਰ ਦਫ਼ਤਰੀ ਡਾਕ ਨਾਲ ਸਬੰਧਿਤ ਕੋਈ ਵੀ ਕੰਮ ਹੋਵੇ ਤਾਂ ਸਕੂਲ ਮੁਖੀ ਨੇ ਮਾਸਟਰ ਕੌਰ ਸਿੰਘ ਨੂੰ ਹੀ ਇਹ ਕੰਮ ਸੌਂਪ ਦੇਣਾ। ਮਾਸਟਰ ਜੀ ਨੇ ਵੀ ਕਦੇ ਕੰਮ ਤੋਂ ਜੁਆਬ ਨਹੀਂ ਸੀ ਦਿੱਤਾ ਤੇ ਹਰ ਹੀਲੇ ਆਪਣੀ ਡਿਊਟੀ ਨੂੰ ਸਮਰਪਣ ਭਾਵਨਾ ਨਾਲ ਨਿਭਾ ਕੇ ਮਾਣ ਮਹਿਸੂਸ ਕਰਨਾ। ਸਕੂਲ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਤੋਂ ਕਿਤੇ ਵੱਧ ਪ੍ਰਿੰਸੀਪਲ, ਮਾਸਟਰ ਜੀ ਦੇ ਕੰਮ ਤੋਂ ਖ਼ੁਸ਼ ਸੀ। ਸਾਲ ਦੇ ਅੰਤ ਵਿੱਚ ਵਿਭਾਗ ਵੱਲੋਂ ਗੁਪਤ ਰਿਪੋਰਟਾਂ ਅਧਿਆਪਕਾਂ ਤਕ ਪੁੱਜੀਆਂ ਤਾਂ ਮਾਸਟਰ ਕੌਰ ਸਿੰਘ ਆਪਣੀ ਗੁਪਤ ਰਿਪੋਰਟ ਵਿੱਚ ਨੀਵੀਂ ਦਰਜਾਬੰਦੀ ਵੇਖ ਕੇ ਹੱਕਾ ਬੱਕਾ ਰਹਿ ਗਿਆ।

ਜਦੋਂ ਉਸ ਨੇ ਆਪਣੀ ਦਰਜਾਬੰਦੀ ਬਾਰੇ ਸਕੂਲ ਦਫ਼ਤਰ ਵਿੱਚ ਗੱਲ ਕੀਤੀ ਤਾਂ ਪ੍ਰਿੰਸੀਪਲ ਨੇ ਬੜੇ ਸਿਆਣਪ ਭਰੇ ਲਹਿਜੇ ਨਾਲ ਉੱਤਰ ਦਿੰਦਿਆਂ ਕਿਹਾ, "ਮਾਸਟਰ ਜੀ, ਨਿਰਸੰਦੇਹ ਤੁਸੀਂ ਵਿਦਿਆਰਥੀਆਂ ਦੀ ਸਰਬਪੱਖੀ ਸ਼ਖ਼ਸੀਅਤ ਦੇ ਨਿਖਾਰ ਹਿੱਤ ਅਤੇ ਸਕੂਲ ਦੇ ਵਿਕਾਸ ਕਾਰਜਾਂ ਵਾਸਤੇ ਸਾਰੇ ਸਟਾਫ਼ ਮੈਂਬਰਾਂ ਤੋਂ ਵੱਧ ਭੱਜ-ਨੱਠ ਕਰਦੇ ਹੋ, ਪਰ ਤੁਹਾਡੇ ਵੱਲੋਂ ਪੜ੍ਹਾਈ ਦਸਵੀਂ ਜਮਾਤ ਦਾ ਨਤੀਜਾ ਬੋਰਡ ਨਾਲੋਂ ਥੋੜ੍ਹਾ ਜਿਹਾ ਘੱਟ ਹੋਣ ਕਰਕੇ ਮੈਂ ਮਜਬੂਰੀਵੱਸ ਤੁਹਾਨੂੰ ਦੂਜੇ ਅਧਿਆਪਕਾਂ ਤੋਂ ਵਧੀਆ ਦਰਜਾਬੰਦੀ ਅੰਕ ਨਹੀਂ ਸੀ ਦੇ ਸਕਦਾ।" ਸਕੂਲ ਮੁਖੀ ਦਾ ਉੱਤਰ ਸੁਣ ਕੇ ਸੁੰਨ ਹੋਇਆ ਮਾਸਟਰ ਕੌਰ ਸਿੰਘ ਸਟਾਫ਼ ਰੂਮ ਤੋਂ ਕਲਾਸ ਰੂਮ ਤਕ ਸੀਮਿਤ ਅਧਿਆਪਕਾਂ ਦੀ ਉੱਚੀ ਦਰਜਾਬੰਦੀ ਬਾਰੇ ਸੋਚਦਾ ਹੋਇਆ ਆਪਣੀ ਜਮਾਤ ਵੱਲ ਨੂੰ ਹੋ ਤੁਰਿਆ।

– ਮਾ. ਹਰਭਿੰਦਰ ਮੁੱਲਾਂਪੁਰ

ਪਰਬਤ ਦੀ ਪੀੜ

● ਰਾਜੇਸ਼ ਗੁਪਤਾ



ਪਰਬਤ ਦੀ ਪੀੜ ਕੀ ਹੁੰਦੀ ਹੈ ਇਸ ਸਮਝਣਾ ਬਹੁਤ ਔਖਾ ਹੈ। ਪਰਬਤ ਨੂੰ ਬੜਾ ਮਜ਼ਬੂਤ ਤੇ ਸਖ਼ਤ ਸਮਝਿਆ ਜਾਂਦਾ ਹੈ, ਪਰ ਉਸਨੂੰ ਵੀ ਕਦੇ-ਕਦੇ ਦਰਦ ਦੇ ਅਹਿਸਾਸ ਵਿੱਚੋਂ ਲੰਘਣਾ ਪੈਂਦਾ ਹੈ। ਕਈ ਤੂਫ਼ਾਨੇ ਉਸ 'ਤੇ ਅਕਸਰ ਹਮਲੇ ਕਰਦੇ ਹੀ ਰਹਿੰਦੇ ਹਨ ਜਿਨ੍ਹਾਂ ਨੂੰ ਉਹ ਬੜੀ ਮਜ਼ਬੂਤੀ ਨਾਲ ਆਪਣੇ ਸੀਨੇ 'ਤੇ ਸਹਾਰਦਾ ਹੈ। ਤੂਫ਼ਾਨ ਭਾਵੇਂ ਉਸਦਾ ਕੁੱਝ ਵਿਗਾੜ ਤਾਂ ਨਹੀਂ ਸਕਦੇ ਪਰ ਕੁਝ ਦੁੱਖ, ਕੁਝ ਦਰਦ ਉਸਨੂੰ ਦੇ ਹੀ ਜਾਂਦੇ ਹਨ। ਸੋਚਣ ਵਾਲੀ ਹਰ ਇੱਕ ਸ਼ੈਅ ਅੰਦਰ ਦਿਲ ਆਪਣੇ-ਆਪ ਹੀ ਉਤਪਨ ਹੋ ਜਾਂਦਾ ਹੈ। ਜਿਸ ਦੇ ਅੰਦਰ ਦਿਲ ਹੁੰਦਾ ਹੈ ਉਸ ਅੰਦਰ ਦਰਦ ਵੀ ਆਪਣੇ-ਆਪ ਹੀ ਪੈਦਾ ਹੋ ਜਾਂਦਾ ਹੈ। ਬੜਾ ਹੀ ਵਚਿੱਤਰ ਸੰਸਾਰ ਬਣਾਇਆ ਹੈ ਪਰਮਾਤਮਾ ਨੇ। ਪੱਥਰਾਂ ਦੇ ਦਿਲ ਹੁੰਦੇ ਨੇ ਤੇ ਉਨ੍ਹਾਂ ਅੰਦਰ ਦਰਦ ਤੇ ਕੁਰਲਾਹਟ ਵੀ ਹੁੰਦੀ ਹੈ। ਕਰਤਾਰ ਸਿੰਘ ਅੱਜ ਆਪਣੇ ਘਰ ਅੰਦਰ ਹੀ ਕੱਖੋਂ ਹੌਲਾ ਹੋ ਗੁਆਚੀ ਗਾਂ ਵਾਂਗ ਫ਼ਿਰ ਰਿਹਾ ਹੈ। ਪਰਬਤ ਦੀ ਪੀੜ ਦਾ ਅਹਿਸਾਸ ਅੱਜ ਉਸਦੀ ਰੂਹ ਅੰਦਰ ਸਮਾਉਂਦਾ ਜਾ ਰਿਹਾ ਹੈ। ਅੱਜ ਹੋ ਰਹੀ ਬੇਕਦਰੀ ਨੂੰ ਵੇਖਕੇ ਉਸਨੂੰ ਵਿਸ਼ਵਾਸ ਨਹੀਂ ਹੋ ਰਿਹਾ ਹੈ ਕਿ ਉਹ ਉਹੀ ਪਹਿਲੇ ਵਾਲਾ ਕਰਤਾਰ ਸਿੰਘ ਹੈ ਜਿਸ ਦੀ ਰਵਾਨਗੀ ਨਾਲ ਸਾਰਾ ਘਰ ਚੱਲਦਾ ਸੀ। ਉਸਦੇ ਬੈਠਣ ਨਾਲ ਸਭ ਬੈਠਦੇ ਸੀ ਤੇ ਉਸਦੇ ਖੜ੍ਹੇ ਹੋਣ ਨਾਲ ਸਾਰੇ ਖੜ੍ਹੇ ਹੋ ਜਾਂਦੇ ਸਨ। ਪਰ ਅੱਜ ਤਾਂ ਸਾਰੀ ਦੀ ਸਾਰੀ ਤਸਵੀਰ ਹੀ ਬਦਲੀ ਹੋਈ ਹੈ। ਅੱਜ ਤਾਂ ਕਰਤਾਰ ਸਿੰਘ ਇਉਂ ਲੱਗ ਰਿਹਾ ਹੈ ਜਿਵੇਂ ਘਰ ਵਿੱਚ ਕੋਈ ਮੰਗਤਾ ਹੋਵੇ। ਸ਼ਾਮ ਹੋ ਚੁੱਕੀ ਹੈ। ਉਸਨੂੰ ਭੁੱਖ ਲੱਗ ਗਈ ਹੈ। ਅੱਜ ਉਸਨੂੰ ਰੋਟੀ ਦੇਣ ਦੀ ਵਾਰੀ ਉਸਦੀ ਛੋਟੀ ਨੂੰਹ ਦੀ ਹੈ ਪਰ ਉਸਦੀ ਹਿੰਮਤ ਨਹੀਂ ਹੈ ਕਿ ਉਹ ਉਸਨੂੰ ਰੋਟੀ ਦੇਣ ਬਾਰੇਂ ਕਹੇ। ਪਰ ਜਦ ਉਸਦੀ ਘਰਵਾਲੀ ਜ਼ਿੰਦਾ ਸੀ ਤਾਂ ਉਸਨੂੰ ਨੂੰ ਕੁਝ ਵੀ ਆਖਣ ਦੀ ਲੋੜ ਨਹੀਂ ਸੀ ਪੈਂਦੀ। ਉਹ ਆਪ ਹੀ ਉਸ ਲਈ ਰੋਟੀ ਬਣਾ ਕੇ ਲੈ ਆਉਂਦੀ ਸੀ। ਅਚਾਨਕ ਕਰਤਾਰ ਸਿੰਘ ਦੀ ਸੁਰਤੀ ਭੰਗ ਹੁੰਦੀ ਹੈ। ਪਲੇਟ ਦਾ ਖੜਾਕ ਹੁੰਦਾ ਹੈ। ਉਹ ਅਗਾਂਹ ਵਧਕੇ ਵੇਖਦਾ ਹੈ। ਉਸਦੀ ਛੋਟੀ ਨੂੰਹ ਉਸਦੀ ਰੋਟੀ ਵਾਲੀ ਪਲੇਟ ਪੌੜੀਆਂ 'ਚ ਧਰਕੇ ਵਾਪਸ ਜਾ ਚੁੱਕੀ ਹੈ। ਉਸਨੂੰ ਆਪਣਾ ਪਿਛਲਾ ਸਮਾਂ ਯਾਦ ਆ ਜਾਂਦਾ ਹੈ। ਉਸਨੂੰ ਚੰਗੀ ਤਰ੍ਹਾਂ ਯਾਦ ਹੈ ਕਿ ਇਹ ਪੌੜੀ ਦੀ ਉਹੀ ਥਾਂ ਹੈ ਜਿੱਥੇ ਉਹ ਕਦੇ ਆਪਣੇ ਕੁੱਤੇ ਨੂੰ ਰੋਟੀ ਦਿੰਦੇ ਸਨ। ਉਸਨੂੰ ਆਪਣੇ ਘਰ ਅੰਦਰ ਆਪਣੀ ਹੈਸੀਅਤ ਦਾ ਅਹਿਸਾਸ ਹੋ ਰਿਹਾ ਹੈ। ਉਹ ਸੋਚਦਾ, ਹਾਲਾਤ ਨੂੰ ਸਵੀਕਾਰ ਕਰਨਾ ਕਿੰਨਾ ਕੁ ਔਖਾ ਕੰਮ ਹੈ। ਜੇ ਤੁਸੀਂ ਪੁੱਤਰ ਹੋ ਤਾਂ ਵਿੱਚਾਰ ਕਰੋ ਜੇ ਪਿਤਾ ਹੋ ਤਾਂ ਬਰਦਾਸ਼ਤ ਕਰਨ ਦੀ ਆਦਤ ਪਾਓ ਕਿਉਂਕਿ ਇਹ ਦਿਨ ਤੁਹਾਡੇ 'ਤੇ ਵੀ ਆ ਸਕਦੇ ਹਨ। ਖ਼ੈਰ ਆਪਾਂ ਅੱਗੇ ਵਧੀਏ। ਘਰ ਦਾ ਮੋਹਰੀ ਤੇ ਬੱਚਿਆਂ ਦਾ ਪਿਤਾ ਇੱਕ ਚਟਾਨ ਦਾ ਕੰਮ ਕਰਦਾ ਹੈ ਪਰ ਜਦ ਇਹ ਦਿਨ ਆਉਂਦਾ ਹੈ ਤਾਂ ਉਹ ਕਿਵੇਂ ਟੁੱਟਦਾ, ਬੱਸ ਇਹੀ ਦੱਸਣਾ ਚਾਹ ਰਿਹਾ ਹਾਂ। ਕਰਤਾਰ ਸਿੰਘ ਨੂੰ ਲੱਗ ਰਿਹਾ ਹੈ ਕਿ ਉਸਦੀ ਬੀਵੀ ਕੀ ਮਰੀ ਉਹ ਤਾਂ ਆਪ ਵੀ ਜਿਉਂਦੇ-ਜੀ ਮਰ ਗਿਆ। ਉਹ ਸੋਚਦਾ ਕਿ ਉਸਦੀ ਬੀਵੀ ਨੂੰ ਨਹੀਂ ਬਲਕਿ ਉਸਨੂੰ ਪਹਿਲਾਂ ਮਰਨਾ ਚਾਹੀਦਾ ਸੀ। "ਪਰ ਚੰਗਾ ਹੋਇਆ ਤੂੰ ਪਹਿਲਾਂ ਮਰ ਗਈ, ਨਹੀਂ ਤਾਂ ਇਹ ਤੇਰੇ ਨਾਲ ਕਿਹੜਾ ਇਹ ਹਾਲ ਨਾ ਕਰਦੇ।" ਉਹ ਮਨ ਹੀ ਮਨ ਸੋਚ ਕੇ ਚੁੱਪ ਕਰ ਜਾਂਦਾ ਹੈ ਤੇ ਆਪਣੇ-ਆਪ ਨਾਲ ਗੱਲਾਂ ਕਰਨ ਲੱਗ ਜਾਂਦਾ ਹੈ। ਪੀੜ ਉਸਨੂੰ ਰੋਟੀ ਦੀ ਨਹੀਂ ਬਲਕਿ ਉਸ ਬੇਰੁਖੀ ਦੀ ਹੈ ਜੋ ਉਸ ਨਾਲ ਹੋ ਰਹੀ ਹੈ। ਹੌਲੀ-ਹੌਲੀ ਉਸਨੂੰ ਕੁਝ-ਕੁਝ ਝੁੰਜਲਾਹਟ ਜਿਹੀ ਮਹਿਸੂਸ ਹੋ ਰਹੀ ਹੈ। ਉਹ ਕਿਸ ਵੇਲੇ ਫ਼ਰਸ਼ 'ਤੇ ਢਹਿ ਪਿਆ ਉਸਨੂੰ ਕੁਝ ਵੀ ਪਤਾ ਨਾ ਲੱਗਾ। ਉਹ ਆਪਣੇ-ਆਪ ਵਿੱਚ ਬੜਾ ਅਜੀਬ ਜਿਹਾ ਮਹਿਸੂਸ ਕਰ ਰਿਹਾ ਹੈ। ਪਰਬਤ ਫ਼ਰਸ਼ 'ਤੇ ਪਿਆ ਆਪਣੇ ਦਰਦ ਨੂੰ ਭੋਗ ਰਿਹਾ ਹੈ। ਉਸਨੂੰ ਆਪਣੇ ਸਰੀਰ ਅੰਦਰ ਮਾਸ ਦਾ ਛੋਟਾ ਜਿਹਾ ਲੋਥੜਾ ਫ਼ੜਫ਼ੜਾਉਂਦਾ ਜਾਪ ਰਿਹਾ ਹੈ। ਅੱਜ ਤੋਂ ਪਹਿਲਾਂ ਉਸ ਕਦੇ ਵੀ ਇਉਂ ਦਾ ਮਹਿਸੂਸ ਨਹੀਂ ਸੀ ਕੀਤਾ, ਅੱਜ ਸਭ ਕੁਝ ਅਜੀਬ ਤਰ੍ਹਾਂ ਨਾਲ ਹੋ ਰਿਹਾ ਹੈ। ਉਹ ਸਭ ਕੁਝ ਵੇਖਕੇ ਹਲਕਾ-ਹਲਕਾ ਮੁਸਕੁਰਾ ਰਿਹਾ ਹੈ। ਉਸ ਨੂੰ ਸਭ ਕੁਝ ਜਿਵੇਂ ਆਪਣੇ ਹੱਥੋਂ ਬਾਹਰ ਹੁੰਦਾ ਜਾਪ ਰਿਹਾ ਹੈ। ਅੱਧ- ਖੁੱਲ੍ਹੀਆਂ ਅੱਖਾਂ ਤੇ ਮਨ-ਮਸਤਕ ਜਿਵੇਂ ਸਭ ਕੁੱਝ ਅਵਚੇਤਨਾ ਵੱਲ ਜਾ ਰਿਹਾ ਹੈ। ਆਪਣੇ ਬੱਚਿਆਂ ਨਾਲ ਗੁਜ਼ਾਰਿਆ ਹੋਇਆ ਸਮਾਂ ਉਸ ਦੀਆਂ ਅੱਖਾਂ ਅੱਗੇ ਘੁੰਮ ਰਿਹਾ ਹੈ। ਦੋਹਾਂ ਬੱਚਿਆਂ ਨਾਲ ਗੁਜ਼ਾਰਿਆ ਉਸਦਾ ਜਵਾਨੀ ਦਾ ਵੇਲਾ ਉਸਨੂੰ ਯਾਦ ਆ ਰਿਹਾ ਹੈ। ਅਵਚੇਤਨਾ ਦੀ ਚੇਤਨਾ ਵਿੱਚ ਕਈ ਦ੍ਰਿਸ਼ ਜਵਾਨੀ ਦੇ ਸਮੇਂ ਦੇ ਘੁੰਮ ਰਹੇ ਹਨ। ਉਸਦੇ ਚਿਹਰੇ 'ਤੇ ਕਈ ਤਰ੍ਹਾਂ ਦੇ ਹਾਵ-ਭਾਵ ਉੱਭਰ ਰਹੇ ਹਨ। ਕੁਝ ਜਾਣੇ ਪਛਾਣੇ ਤੇ ਕੁਝ ਅਣਪਛਾਤੇ ਚਿਹਰੇ ਉਸ ਦੇ ਆਲੇ ਦੁਆਲੇ ਮੰਡਰਾਉਣੇ ਸ਼ੁਰੂ ਹੋ ਗਏ। ਉਹ ਅਵਚੇਤਨਤਾ ਦੇ ਗਹਿਰੇ ਸਮੁੰਦਰ ਵਿੱਚ ਜਾ ਰਿਹਾ ਹੈ। ਹੁਣੇ ਕੁਝ ਦੇਰ ਪਹਿਲੇ ਪੌੜੀਆਂ ਵਿੱਚ ਕੁੱਤੇ ਵਾਲੀ ਥਾਂ 'ਤੇ ਰੋਟੀ ਰੱਖਕੇ ਗਈ ਕੁਝ ਪਛਾਣੀ ਔਰਤ ਉਹੀ ਰੋਟੀ ਦੀ ਪਲੇਟ ਲੈ ਕੇ ਉਸਦੇ ਅੱਗੇ- ਪਿੱਛੇ ਮੰਡਰਾ ਰਹੀ ਹੈ। ਪਰ ਉਹ ਅਨੰਤ ਅਵਚੇਤਨਤਾ ਦੇ ਗਹਿਰੇ ਸਮੁੰਦਰ ਵਿੱਚ ਸਮਾ ਚੁੱਕਾ ਹੈ। ਚੀਕ-ਚਿਹਾੜੇ ਦੀ ਆਵਾਜ਼ ਨੇ ਘਰ ਨੂੰ ਸਿਰ 'ਤੇ ਚੁੱਕ ਲਿਆ ਹੈ। ਮੌਤ ਤੋਂ ਪਹਿਲੇ ਵਾਲਾ ਸੰਨਾਟਾ ਖ਼ਤਮ ਹੋ ਰਿਹਾ ਹੈ ਤੇ ਉਸ ਤੋਂ ਬਾਅਦ ਉੱਠਣ ਵਾਲਾ ਤੂਫ਼ਾਨ ਸ਼ੁਰੂ ਹੋ ਗਿਆ ਹੈ। ਸਾਰੇ ਕਲਾਕਾਰ ਆਪਣਾ-ਆਪਣਾ ਰੋਲ ਬਾਖ਼ੂਬੀ ਨਿਭਾ ਰਹੇ ਹਨ। ਮੌਤ ਤੋਂ ਬਾਅਦ ਵਾਲਾ ਨਾਟਕ ਬਹੁਤ ਵਧੀਆ ਚੱਲ ਰਿਹਾ ਹੈ। ਹਰ ਕਲਾਕਾਰ ਨੂੰ ਆਪਣਾ ਰੋਲ ਵਧੀਆ ਢੰਗ ਨਾਲ ਨਿਭਾਉਣ ਦੀ ਚਿੰਤਾ ਹੈ ਤੇ ਉਹ ਇਹ ਕਰ ਵੀ ਰਿਹਾ ਹੈ। ਸਭ ਕੁਝ ਠੀਕ ਹੋ ਰਿਹਾ ਹੈ। ਉਨ੍ਹਾਂ ਕਲਾਕਾਰਾਂ ਦੇ ਕੁਝ ਸਹਿਯੋਗੀ ਕਲਾਕਾਰ ਵੀ ਉਨ੍ਹਾਂ ਦੀ ਮਦਦ ਲਈ ਆ ਪਹੁੰਚੇ ਹਨ ਤਾਂ ਜੋ ਨਾਟਕ ਦੀ ਪੇਸ਼ਕਾਰੀ ਵਿੱਚ ਕੋਈ ਕਮੀ ਨਾ ਰਹਿ ਜਾਵੇ। ਸਭ ਕੁਝ ਵਧੀਆ ਢੰਗ ਨਾਲ ਨਿਪਟ ਗਿਆ ਹੈ। ਅਜੇ ਵੀ ਬਹੁਤ ਸਾਰੇ ਪਰਬਤ ਆਪਣਾ ਦਰਦ ਲੈ ਕੇ ਇਸ ਸੰਸਾਰ ਵਿੱਚ ਜੀਅ ਰਹੇ ਹਨ। ਕੁਝ ਤੁਹਾਡੇ ਤੇ ਕੁਝ ਮੇਰੇ ਆਲੇ-ਦੁਆਲੇ ਜ਼ਰਾ ਧਿਆਨ ਕਰੋ। ਮਾਂ-ਬਾਪ ਜੀਵਨ ਦਾ ਉਹ ਅਣਮੋਲ ਸਰਮਾਇਆ ਹਨ ਜੋ ਜ਼ਿੰਦਗੀ ਵਿੱਚ ਸਿਰਫ਼ ਇੱਕ ਵਾਰ ਹੀ ਮਿਲਦੇ ਹਨ ਦੂਸਰੀ ਵਾਰ ਨਹੀਂ।

ਵਿਅੰਗ:

ਮੂੰਗੀ ਦੀ ਦਾਲ

ਸੁਖਵਿੰਦਰ ਕੌਰ 'ਹਰਿਆਓ'

ਦਫ਼ਤਰੋਂ ਛੁੱਟੀ ਹੋਣ ਉਪਰੰਤ ਮੈਂ ਘਰ ਨੂੰ ਚਾਲੇ ਪਾਏ। ਅਜੇ ਕੁਝ ਹੀ ਦੂਰ ਗਿਆ ਸੀ ਕਿ ਫੋਨ ਦੀ ਘੰਟੀ ਖੜਕੀ। ਬਿਨਾਂ ਵੇਖੇ ਹੀ ਮੈਂ ਫੋਨ ਚੁੱਕ ਲਿਆ। ਸ਼ਾਮ ਹੋਣ ਵਾਲੀ ਸੀ ਤਾਂ ਜ਼ਾਹਿਰ ਸੀ ਕਿ ਸ੍ਰੀਮਤੀ ਜੀ ਨੇ ਬਜ਼ਾਰੋਂ ਕੁਝ ਮੰਗਵਾਉਣ ਲਈ ਫੋਨ ਕੀਤਾ ਹੋਣਾ। ਆਰਡਰ ਹੋਇਆ, 'ਬਜ਼ਾਰੋਂ ਕੋਈ ਸਬਜ਼ੀ ਲੈ ਆਣਾ। ਅੱਜ ਗਲ਼ੀ 'ਚ ਫੇਰੀ ਵਾਲਾ ਨਹੀਂ ਆਇਆ'। ਮੈਂ ਫੋਨ ਜੇਬ 'ਚ ਪਾ ਕੇ ਅੱਗੇ ਤੁਰ ਪਿਆ। ਅਜੇ ਸਬਜ਼ੀ ਬਜ਼ਾਰ ਵੱਲ ਮੁੜਨ ਹੀ ਲੱਗਿਆ ਸੀ, ਇਕ ਖੱਚਰ ਰੇੜ੍ਹੇ ਵਾਲਾ ਹੋਕਾ ਦੇ ਰਿਹਾ ਸੀ, 'ਲੈ ਜੋ ਸਾਬਤ ਮੂੰਗੀ, ਘਰ ਦੀ ਮੂੰਗੀ, ਬਦਾਮਾਂ ਵਰਗੀ ਦੇਸੀ ਮੂੰਗੀ'। ਆਵਾਜ਼ ਕੰਨਾਂ 'ਚ ਮਿਸ਼ਰੀ ਵਾਂਗ ਘੁਲਣ 'ਤੇ ਸੋਚਾਂ ਅਤੀਤ ਵੱਲ ਲੈ ਤੁਰੀਆਂ... ਬੇਬੇ ਸ਼ਾਮ ਢਲਣ ਤੋਂ ਪਹਿਲਾਂ ਹੀ ਹਾਰੇ ਵਿਚ ਮੂੰਗੀ ਰਿੱਝਣੀ ਪਾ ਦਿੰਦੀ 'ਤੇ ਆਉਂਦੀ-ਜਾਂਦੀ ਕੰਮ ਕਰਦੀ ਪਾਥੀਆਂ ਭੰਨ੍ਹ ਹਾਰੇ 'ਚ ਪਾਉਂਦੀ ਰਹਿੰਦੀ। ਦੋ-ਤਿੰਨ ਘੰਟਿਆਂ ਬਾਅਦ ਹਾਰੇ 'ਚੋਂ ਮੂੰਗੀ ਉਬਾਲਾ ਦੇਣ ਲਈ ਤਪਲੇ (ਮਿੱਟੀ ਦਾ ਭਾਂਡਾ ਜੋ ਪਤੀਲੇ ਦੀ ਥਾਂ ਵਰਤਿਆ ਜਾਂਦਾ) 'ਚ ਕੱਢ ਕੇ ਚੁੱਲ੍ਹੇ 'ਤੇ ਧਰ ਦਿੰਦੀ। ਆਪ ਕੋਲ ਚੁੱਲ੍ਹੇ 'ਤੇ ਰੋਟੀਆਂ ਪਕਾਉਂਦੀ ਰਹਿੰਦੀ। ਮੂੰਗੀ ਦੀ ਦਾਲ ਤਾਂ ਸਾਰੇ ਸਵਾਦਾਂ ਨੂੰ ਮਾਤ ਪਾਉਂਦੀ ਸੀ। ਮੂੰਹ ਸਵਾਦ ਨਾਲ ਭਰ

ਪੜ੍ਹੇ-ਲਿਖਿਆਂ 'ਤੇ ਭਾਰੀ ਪੈਂਦੇ ਅਨਪੜ੍ਹ

ਮਾਰਚ 2017 ਦੇ ਤੀਜੇ ਜਾਂ ਚੌਥੇ ਹਫਤੇ ਦੀ ਗੱਲ ਹੈ। ਛੁੱਟੀ ਦਾ ਦਿਨ ਹੋਣ ਦੇ ਕਾਰਨ ਭਾਰਤੀ ਪ੍ਰਸ਼ਾਸਨਿਕ ਸੇਵਾ ਦੇ ਪ੍ਰਮੁੱਖ ਅਧਿਕਾਰੀ ਜੇ. ਸੀ. ਮੋਹੰਤੀ ਦੁਪਹਿਰ ਨੂੰ ਆਪਣੇ ਸਰਕਾਰੀ ਬੰਗਲੇ ਵਿਚ ਬਣੇ ਆਫਿਸ ਵਿਚ ਬੈਠੇ ਫਾਈਲਾਂ ਦੇਖ ਰਹੇ ਸਨ। ਉਹਨਾਂ ਦੇ ਮੇਜ ਤੇ ਫਾਈਲਾਂ ਦਾ ਢੇਰ ਲੱਗਿਆ ਹੋਇਆ ਸੀ। ਉਹ ਰਾਜਸਥਾਨ ਦੇ ਜਨ ਸਿਹਤ ਇੰਜੀਨੀਅਰਿੰਗ ਦੇ ਭੂਮ ਜਲ ਵਿਭਾਗ ਵਿਚ ਮੁੱਖ ਸਕੱਤਰ ਹਨ। ਉਹ ਪਾਣੀ ਦੇ ਮਹਿਕਮੇ ਨਾਲ ਜੁੜੇ ਹਨ ਅਤੇ ਇਸ ਵਕਤ ਗਰਮੀ ਦਾ ਮੌਸਮ ਚੱਲ ਰਿਹਾ ਸੀ। ਇਸ ਕਰਕੇ ਫਾਈਲਾਂ ਦੀ ਗਿਣਤੀ ਕਾਫੀ ਹੋ ਗਈ ਸੀ। ਉਹ ਫਾਈਲ ਤੇ ਸਬੰਧਤੀ ਅਧਿਕਾਰੀਆਂ ਦੁਆਰਾ ਲਿਖੀਆਂ ਗਈਆਂ ਟਿੱਪਣੀਆਂ ਨੂੰ ਧਿਆਨ ਨਾਲ ਪੜ੍ਹ ਰਹੇ ਸਨ ਕਿ ਅਚਾਨਕ ਉਹਨਾ ਦੇ ਮੋਬਾਇਲ ਤੇ ਘੰਟੀ ਵੱਜੀ। ਉਹਨਾਂ ਨੇ ਮੋਬਾਇਲ ਤੇ ਸਕ੍ਰੀਨ ਉਤੇ ਆਉਣ ਵਾਲੇ ਨੰਬਰਾਂ ਨੂੰ ਸਰਸਰੀ ਤੌਰ ਤੇ ਦੇਖਿਆ ਅਤੇ ਫਿਰ ਸਵਿੱਚ ਔਨ ਕਰਕੇ ਹੈਲੋ ਕਿਹਾ।

ਸਰ ਮੈਂ ਸਟੇਟ ਬੈਂਕ ਆਫ ਇੰਡੀਆ ਤੋਂ ਬੋਲ ਰਿਹਾ ਹੈ, ਫੋਨ ਕਰਨ ਵਾਲੇ ਨੇ ਕਿਹਾ।

ਹਾਂ ਦੱਸੋ, ਮੋਹੰਤੀ ਨੇ ਫਾਈਲ ਤੇ ਨਜ਼ਰਾਂ ਲਗਾਉਂਦੇ ਹੋਏ ਹੀ ਕਿਹਾ।

ਸਰ, ਤੁਹਾਨੂੰ ਪਤਾ ਹੀ ਹੋਵੇਗਾ ਕਿ ਇਕ ਅਪ੍ਰੈਲ ਤੋਂ ਸਟੇਟ ਬੈਂਕ ਆਫ ਬੀਕਾਨੇਰ ਐਂਡ ਜੈਪੁਰ ਸਮੇਤ ਦੇਸ਼ ਦੇ 5 ਬੈਂਕਾਂ ਦਾ ਐਸ. ਬੀ. ਆਈ. ਵਿਚ ਰਲੇਵਾਂ ਹੋ ਰਿਹਾ ਹੈ। ਤੁਹਾਡਾ ਖਾਤਾ ਐਸ. ਬੀ. ਬੀ. ਜੇ. ਵਿਚ ਹੈ। ਤੁਹਾਡੇ ਐਸ. ਬੀ. ਬੀ. ਜੇ. ਦੇ ਏ. ਟੀ. ਐਮ. ਕਾਰਡ ਦਾ ਵੈਰੀਫਿਕੇਸ਼ਨ ਕਰਨਾ ਹੈ ਤਾਂ ਜ ਉਸਨੂੰ ਐਸ. ਬੀ. ਆਈ. ਨਾਲ ਜੋੜਿਆ ਜਾ ਸਕੇ। ਦੂਜੇ ਪਾਸਿਉਂ ਫੋਨ ਕਰਨ ਵਾਲੇ ਨੇ ਨਪੇ-ਤੁਲੇ ਸ਼ਬਦਾਂ ਵਿਚ ਕਿਹਾ।

ਗੱਲ ਕਰਨ ਵਾਲੇ ਦਾ ਲਹਿਜ਼ਾ ਸਭਿਆ ਅਤੇ ਪ੍ਰੋਫੈਸ਼ਨਲ ਲੱਗਦਾ ਸੀ, ਇਸ ਕਰਕੇ ਜੇ. ਸੀ. ਮੁਹੰਤੀ ਨੇ ਪੁੱਛਿਆ, ਉਹ ਤਾਂ ਠੀਕ ਹੈ ਪਰ ਇਸ ਲਈ ਮੈਂ ਕੀ ਕਰਨਾ ਹੈ?

ਸਰ, ਤੁਸੀਂ ਤੁਹਾਡੇ ਏ. ਟੀ. ਐਮ. ਕਾਰਡ ਦਾ ਨੰਬਰ ਦੱਸ ਦਿਓ, ਫੋਨ ਕਰਨ ਵਾਲੇ ਨੇ ਕਿਹਾ।

ਬੈਂਕਾਂ ਦੇ ਰਲੇਵੇਂ ਦੀ ਗੱਲ ਤਾਂ ਮੋਹੰਤੀ ਨੂੰ ਪਤਾ ਸੀ ਕਿਉਂਕਿ ਰੋਜ਼ ਹੀ ਖਬਰਾਂ ਆ ਰਹੀਆਂ ਸਨ। ਇਸ ਕਰਕੇ ਉਹਨਾਂ ਨੇ ਟੇਬਲ ਤੇ ਰੱਖੇ ਆਪਣੇ ਪਰਸ ਤੋਂ ਸਟੇਟ ਬੈਂਕ ਆਫ ਬੀਕਾਨੇਰ ਐਂਡ ਜੈਪੁਰ ਦਾ ਏ. ਟੀ. ਐਮ. ਕਾਰਡ ਕੱਢ ਕੇ ਉਸ ਤੇ ਸਾਹਮਣੇ ਲਿਖੇ 12 ਅੰਕ ਫੋਨ ਕਰਨ ਵਾਲੇ ਨੂੰ ਦੱਸ ਦਿੱਤੇ। ਦੂਜੇ ਪਾਸਿਉਂ ਫੋਨ ਕਰਨ ਵਾਲੇ ਨੇ ਏ. ਟੀ. ਐਮ. ਕਾਰਡ ਨੰਬਰ ਨੋਟ ਕਰਦੇ ਹੋਏ ਦੁਬਾਰਾ ਬੋਲ ਕੇ ਕਨਫਰਮ ਕਰਦੇ ਹੋਏ ਕਿਹਾ, ਥੈਂਕਿਊ ਸਰ, ਤੁਹਾਡਾ ਇਕ ਮਿੰਟ ਹੋਰ ਲਿਆਂਗਾ। ਤੁਹਾਨੂੰ ਏ. ਟੀ. ਐਮ. ਕਾਰਡ ਦੇ ਪਿੱਛੇ ਲਿਖਿਆ ਸੀ. ਵੀ ਵੀ ਨੰਬਰ ਵੀ ਦੱਸਣਾ ਹੋਵੇਗਾ।

ਮੋਹੰਤੀ ਨੇ ਸੀਵੀਵੀ ਨੰਬਰ ਵੀ ਦੱਸ ਦਿੱਤਾ। ਇਸ ਤੋਂ ਬਾਅਦ ਫੋਨ ਕੱਟਿਆ ਗਿਆ ਤਾਂ ਉਹ ਫਿਰ ਤੋਂ ਆਪਣੇ ਕੰਮ ਵਿਚ ਰੁੱਝ ਗਿਆ। ਕੁਝ ਦੇਰ ਬਾਅਦ ਹੀ ਉਸ ਦੇ ਮੋਬਾਇਲ ਤੇ ਇਕ ਮੈਸੇਜ ਆਇਆ, ਉਸਨੇ ਮੈਸੇਜ ਦੇਖਿਆ ਤਾਂ ਉਸ ਵਿਚ ਓ. ਟੀ. ਪੀ. ਨੰਬਰ ਸੀ। ਉਸਨੂੰ ਉਸਨੇ ਆਪਣੀ ਡਾਇਰੀ ਵਿਚ ਨੋਟ ਕਰ ਲਿਆ।

ਮੈਸੇਜ ਆਉਣ ਤੋਂ ਕਰੀਬ 10 ਮਿੰਟ ਬਾਅਦ ਉਹਨਾਂ ਦੇ ਮੋਬਾਇਲ ਤੇ ਇਕ ਵਾਰ ਫਿਰ ਉਸ ਵਿਅਕਤੀ ਦਾ ਫੋਨ ਆਇਆ। ਉਸ ਨੇ ਕਿਹਾ, ਸਰ ਤੁਹਾਨੂੰ ਇਕ ਵਾਰ ਹੋਰ ਕਸ਼ਟ ਦੇ ਰਿਹਾ ਹਾਂ, ਤੁਹਾਡੇ ਮੋਬਾਇਲ ਤੇ ਓ. ਟੀ. ਪੀ. ਨੰਬਰ ਦਾ ਮੈਸੇਜ ਆਇਆ ਹੋਵੇਗਾ। ਇਸੇ ਓ. ਟੀ. ਪੀ. ਨੰਬਰ ਤੋਂ ਤੁਹਾਡੇ ਏ. ਟੀ. ਐਮ. ਕਾਰਡ ਅਤੇ ਬੈਂਕ ਖਾਤੇ ਦਾ ਵੈਰੀਫਿਕੇਸ਼ਨ ਕੀਤਾ ਜਾਵੇਗਾ। ਕਿਰਪਾ ਕਰਕੇ ਤੁਸੀਂ ਉਹ ਓ. ਟੀ. ਪੀ. ਨੰਬਰ ਦੱਸ ਦਿਓ ਤਾਂ ਜੋ ਤੁਹਾਡੇ ਖਾਤੇ ਅਤੇ ਏ. ਟੀ. ਐਮ. ਕਾਰਡ ਨੂੰ ਵੈਰੀਫਾਈ ਕਰਕੇ ਸਟੇਟ ਬੈਂਕ ਆਫ ਇੰਡੀਆ ਨਾਲ ਜੋੜ ਕੇ ਅਪਡੇਟ ਕੀਤਾ ਜਾ ਸਕੇ।

ਕੁਝ ਦੇਰ ਪਹਿਲਾਂ ਹੀ ਆਪਣੀ ਪ੍ਰਸਨਲ ਡਾਇਰੀ ਵਿਚ ਲਿਖਿਆ ਓ. ਟੀ. ਪੀ. ਨੰਬਰ ਜੇ. ਸੀ. ਮੋਹੰਤੀ ਨੇ ਫੋਨ ਕਰਨ ਵਾਲੇ ਨੂੰ ਦੱਸ ਦਿੱਤਾ ਅਤੇ ਆਪਣੇ ਕੰਮ ਵਿਚ ਰੁੱਝ ਗਿਆ। ਸਕੱਤਰੇਤ ਵਿਚ ਆਈ. ਏ. ਐਸ. ਅਧਿਕਾਰੀ ਦਾ ਜੀਵਨ ਬਹੁਤ ਬਿਜ਼ੀ ਹੁੰਦਾ ਹੈ। ਦਿਨ ਭਰ ਮੀਟਿੰਗਾਂ ਅਤੇ ਫਾਈਲਾਂ ਨਾਲ ਸਿਰ ਖਪਾਉਣਾ ਪੈਂਦਾ ਹੈ।

ਕਦੀ ਸਬੰਧਤ ਮੰਤਰੀ ਬੁਲਾ ਲੈਂਦੇ ਹਨ ਅਤੇ ਕਦੀ ਮੁੱਖ ਸਕੱਤਰ, ਮੁੱਖ ਮੰਤਰੀ ਆਫਿਸ ਨਾਲ ਵੀ ਦਿਨ ਵਿਚ 2-4 ਵਾਰ ਕਿਸੇ ਨਾ ਕਿਸੇ ਫਾਈਲ ਦੇ ਬਾਰੇ ਪੁੱਛਗਿੱਛ ਕੀਤੀ ਜਾਂਦੀ ਹੈ। ਵੈਸੇ ਵੀ ਉਹਨਾਂ ਦਿਨਾਂ ਵਿਚ ਰਾਜਸਥਾਨ ਵਿਧਾਨ ਸਭਾ ਦਾ ਬਜਟ ਸੈਸ਼ਨ ਚੱਲ ਰਿਹਾ ਸੀ, ਇਸ ਕਰਕੇ ਭੂਮੀ ਜਲ ਵਿਭਾਗ ਦੇ ਸਵਾਲਾਂ ਦੇ ਜਵਾਬ ਦੇ ਲਈ ਉਹਨਾਂ ਦਾ ਵਿਧਾਨ ਸਭਾ ਵਿਚ ਹਾਜ਼ਰ ਰਹਿਣਾ ਜ਼ਰੂਰੀ ਸੀ।

ਇਹਨਾਂ ਰੁਝੇਵਿਆਂ ਵਿਚਕਾਰ ਜੇ. ਸੀ. ਮੋਹੰਤੀ ਦੇ ਮੋਬਾਇਲ ਤੇ 50 ਦੇ ਕਰੀਬ ਮੈਸੇਜ ਅਜਿਹੇ ਆਏ, ਜਿਹਨਾਂ ਨੂੰ ਉਹ ਖੋਲ੍ਹ ਕੇ ਦੇਖ ਜਾਂ ਪੜ੍ਹ ਨੀਂ ਸਕੇ। 3 ਅਪ੍ਰੈਲ ਨੂੰ ਉਹ ਸਕੱਤਰੇਤ ਦੇ ਆਪਣੇ ਆਫਿਸ ਵਿਚ ਬੈਠੇ ਸਨ, ਜਿਸ ਵਕਤ ਉਹ ਥੋੜ੍ਹਾ ਫੁਰਸਤ ਵਿਚ ਸਨ, ਉਦੋਂ ਹੀ ਉਹਨਾਂ ਦੇ ਮੋਬਾਇਲ ਤੇ ਇਕ ਮੈਸੇਜ ਆਇਆ। ਉਹਨਾਂ ਨੇ ਉਹ ਮੈਸੇਜ ਪੜ੍ਹਿਆ ਤਾਂ ਹੈਰਾਨ ਰਹਿ ਗਏ। ਮੈਸੇਜ ਮੁਤਾਬਕ ਉਹਨਾਂ ਦੇ ਬੈਂਕ ਖਾਤੇ ਤੋਂ 30 ਹਜ਼ਾਰ ਰੁਪਏ ਕਢਵਾਏ ਗਏ ਸਨ।

ਜਦਕਿ ਬੈਂਕ ਤੋਂ ਜਾਂ ਏ. ਟੀ. ਐਮ. ਤੋਂ ਉਹਨਾਂ ਨੇ ਕੋਈ ਪੈਸੇ ਨਹੀਂ ਕਢਵਾਏ ਸਨ, ਇਸ ਕਰਕੇ ਉਹ ਪ੍ਰੇਸ਼ਾਨ ਹੋ ਗਿਆ। ਉਹ ਤੁਰੰਤ ਸਕੱਤਰੇਤ ਵਿਚ ਸਥਿਤ ਸਟੇਟ ਬੈਂਕ ਆਫ ਬੀਕਾਨੇਰ ਐਂਡ ਜੈਪੁਰ ਦੀ ਬਰਾਂਚ ਪਹੁੰਚਿਆ ਅਤੇ ਬੈਂਕ ਮੈਨੇਜਰ ਨੂੰ ਪੂਰੀ ਗੱਲ ਦੱਸੀ। ਬੈਂਕ ਮੈਨੇਜਰ ਨੇ ਮਾਮਲੇ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਤੁਰੰਤ ਜੇ. ਸੀ. ਮੋਹੰਤੀ ਦੇ ਬੈਂਥ ਖਾਤੇ ਦੀ ਡਿਟੇਲ ਕਢਵਾਈ, ਜਿਸਨੂੰ ਦੇਖ ਕੇ ਸ੍ਰੀ ਮੋਹੰਤੀ ਨੂੰ ਝਟਕਾ ਜਿਹਾ ਲੱਗਿਆ। ਉਹਨਾਂ ਦੇ ਬੈਂਕ ਖਾਤੇ ਤੋਂ 22 ਮਾਰਚ ਤੋਂ 3 ਅਪ੍ਰੈਲ ਵਿਚਕਾਰ ਅਲੱਗ ਅਲੱਗ ਸਮੇਂ ਵਿਚ 73 ਹਜ਼ਾਰ ਰੁਪਏ ਕਢਵਾਏ ਗਏ ਸਨ।

ਉਹਨਾਂ ਦੇ ਮੋਬਾਇਲ ਤੇ ਬੈਂਕ ਵੱਲੋਂ ਇਸ ਨਿਕਾਸੀ ਦੇ ਮੈਸੇਜ ਵੀ ਭੇਜੇ ਗਏ ਸਨ। ਪਰ ਰੁਝੇਵਿਆਂ ਦੇ ਕਾਰਨ ਉਹ ਮੈਸੇਜ ਦੇਖ ਨਾ ਸਕਿਆ। ਖਾਤੇ ਤੋਂ ਕਰੀਬ ਪੌਣੇ 3 ਲੱਖ ਕਢਵਾਉਣ ਦੀ ਡਿਟੇਲ ਦੇਖ ਕੇ ਜੇ. ਸੀ. ਮੋਹੰਤੀ ਨੂੰ ਕਰੀਬ 15 ਦਿਨ ਪਹਿਲਾਂ ਮੋਬਾਇਲ ਤੇ ਆਏ ਉਸ ਫੋਨ ਦੀ ਯਾਦ ਆਈ, ਜਿਸ ਵਿਚ ਖੁਦ ਨੂੰ ਬੈਂਥ ਅਧਿਕਾਰੀ ਦੱਸ ਕੇ ਕਿਸੇ ਆਦਮੀ ਨੇ ਉਹਨਾਂ ਦਾ ਏ. ਟੀ. ਐਮ. ਕਾਰਡ ਦਾ ਨੰਬਰ, ਸੀ. ਵੀ. ਸੀ. ਨੰਬਰ ਅਤੇ ਓ. ਟੀ. ਪੀ. ਨੰਬਰ ਮੰਗਿਆ ਸੀ।

ਮੋਹੰਤੀ ਸਮਝ ਗਿਆ ਕਿ ਉਹ ਸਾਈਬਰ ਠੱਗਾਂ ਦੀ ਠੱਗੀ ਦਾ ਸ਼ਿਕਾਰ ਹੋ ਗਿਆ ਹੈ। ਉਹਨਾਂ ਦੇ ਨਾਲ ਆਨਲਾਈਨ ਠੱਗੀ ਹੋ ਗਈ ਹੈ। ਉਹਨਾਂ ਨੂੰ ਦੁੱਖ ਇਸ ਗੱਲ ਦਾ ਸੀ ਕਿ ਸਤੰਬਰ 2016 ਵਿਚ ਇਕ ਵਾਰ ਹੋਰ ਉਸ ਨਾਲ ਸਾਈਬਰ ਠੱਗੀ ਲੱਗ ਚੁੱਕੀ ਸੀ। ਉਸ ਵਕਤ ਉਹਨਾਂ ਦੇ ਕ੍ਰੈਡਿਟ ਕਾਰਡ ਤੋਂ ਵਿਦੇਸ਼ ਵਿਚ 86 ਹਜ਼ਾਰ ਦੀ ਸ਼ਾਪਿੰਗ ਕੀਤੀ ਗਈ ਸੀ। ਜੈਪੁਰ ਦੇ ਥਾਣਾ ਅਸ਼ੋਕ ਨਗਰ ਵਿਚ ਇਫ ਦੀ ਰਿਪੋਰਟ ਦਰਜ ਕਰਵਾਈ ਗਈ ਪਰ ਠੱਗਾਂ ਦਾ ਪਤਾ ਨਹੀਂ ਲੱਗ ਸਕਿਆ ਸੀ।

ਇਸ ਆਨਲਾਈਨ ਲੱਗੀ ਤੋਂ ਉਹ ਪ੍ਰੇਸ਼ਾਨ ਹੋ ਗਿਆ। ਉਹਨਾਂ ਨੇ ਬੈਂਕ ਮੈਨੇਜਰ ਨੂੰ ਪੈਸਿਆਂ ਦੀ ਨਿਕਾਸੀ ਰੋਕਣ ਲਈ ਕਿਹਾ ਹੀ ਨਹੀਂ, ਬਲਕਿ ਬੈਂਕ ਦੀ ਜ਼ਰੂਰੀ ਕਾਗਜ਼ੀ ਖਾਨਾਪੂਰਤੀ ਵੀ ਕੀਤੀ ਤਾਂ ਜੋ ਆਨਲਾਈਨ ਠੱਗੀ ਕਰਨ ਵਾਲੇ ਭਵਿੱਖ ਵਿਚ ਉਸਦੇ ਖਾਤੇ ਤੋਂ ਪੈਸਾ ਨਾ ਕਢਵਾ ਸਕਣ। ਇਸ ਤੋਂ ਬਾਅਦ ਆਪਣੇ ਦਫਤਰ ਪਹੁੰਚ ਕੇ ਉਸਨੇ ਪੁਲਿਸ ਕਮਿਸ਼ਨਰ ਨੂੰ ਫੋਨ ਕਰਕੇ ਆਪਣੇ ਨਾਲ ਹੋਈ ਸਾਈਬਰ ਠੱਗੀ ਦੀ ਜਾਣਕਾਰੀ ਦਿੱਤੀ।

ਪੁਲਿਸ ਵੀ ਹੈਰਾਨ ਸੀ। ਹੈਰਾਨੀ ਦੀ ਗੱਲ ਇਹ ਸੀ ਕਿ ਰਾਜਸਥਾਨ ਪੁਲਿਸ ਅਤੇ ਵੱਖ ਵੱਖ ਬੈਂਕਾਂ ਵੱਲੋਂ ਅਕਸਰ ਅਖਬਾਰਾਂ, ਇਲੈਕਟ੍ਰਾਨਿਕ ਅਤੇ ਡਿਜ਼ੀਟਲ ਮੀਡੀਆ ਦੁਆਰਾ ਰੋਜ਼ਾਨਾ ਲੋਕਾਂ ਨੂੰ ਆਨਲਾਈਨ ਠੱਗੀ ਬਾਰੇ ਜਾਗਰੂਕ ਕੀਤਾ ਜਾ ਰਿਹਾ ਸੀ ਕਿ ਕਿਸੇ ਵੀ ਵਿਅਕਤੀ ਨੂੰ ਫੋਨ ਤੇ ਆਪਣਾ ਏ. ਟੀ. ਐਮ. ਕਾਰਡ ਬੈ ਬੈਂਕ ਖਾਤੇ ਦੀ ਡਿਟੇਲ ਬਿਲਕੁਲ ਨਾ ਦਿਓ।

ਪੁਲਿਸ ਅਤੇ ਬੈਂਕਾਂ ਦੀ ਇੰਨੀ ਕੋਸ਼ਿਸ਼ ਦੇ ਬਾਵਜੂਦ ਵੀ ਆਮ ਆਦਮੀ ਰੋਜ਼ਾਨਾ ਇਹਨਾਂ ਠੱਗਾਂ ਦਾ ਸ਼ਿਕਾਰ ਹੋ ਰਹੇ ਹਨ ਪਰ ਜੇਕਰ ਕੋਈ ਸੀਨੀਅਰ ਆਈ. ਏ. ਐਸ. ਅਫਸਰ ਇਸ ਕਿਸਮ ਦੀ ਠੱਗੀ ਦਾ ਸ਼ਿਕਾਰ ਹੋ ਜਾਵੇ ਤਾਂ ਹੈਰਾਨੀ ਹੁੰਦੀ ਹੈ। ਸੰਜੇ ਅੱਗਰਵਾਲ ਨੇ ਮੋਹੰਤੀ ਨੂੰ ਰਿਪੋਰਟ ਦਰਜ ਕਰਾਉਣ ਦੀ ਸਲਾਹ ਦਿੰਦੇ ਹੋਏ ਸਾਈਬਰ ਠੱਗਾਂ ਨੂੰ ਜਲਦੀ ਪਕੜਨ ਦਾ ਭਰੋਸਾ ਦਿੱਤਾ।

ਮੂਲ ਤੌਰ ਤੇ ਉੜੀਸਾ ਦੇ ਰਹਿਣ ਵਾਲੇ ਰਾਜਸਥਾਨ ਕੈਡਰ ਦੇ ਸੰਨ 1985 ਬੈਚ ਦੇ ਆਈ. ਐਸ. ਅਧਿਕਾਰੀ ਮੋਹੰਤੀ ਨੇ ਉਸੇ ਦਿਨ ਜੈਪੁਰ ਦੇ ਸਕੱਤਰੇਤ ਕੋਲ ਸਥਿਤ ਥਾਣਾ ਅਸ਼ੋਕਨਗਰ ਵਿਚ ਆਪਣੇ ਨਾਲ ਹੋਈ ਠੱਗੀ ਦੀ ਰਿਪੋਰਟ ਦਰਜ ਕਰਵਾਈ। ਆਨਲਾਈਨ ਠੱਗੀ ਦਾ ਇਹ ਇਕ ਉਦਾਹਰਣ ਹੈ। ਅਜਿਹੀ ਠੱਗੀ ਰਾਜਸਥਾਨ ਸਮੇਤ ਭਾਰਤ ਦੇ ਲੱਗਭੱਗ ਹਰ ਸੂਬੇ ਵਿਚ ਰੋਜ਼ਾਨਾ ਸੌ-ਪੰਜਾਹ ਲੋਕਾਂ ਨਾਲ ਹੋ ਰਹ ਹੈ। ਰਾਜਸਥਾਨ ਵਿਚ ਸੰਨ 2016 ਵਿਚ ਸਾਈਬਰ ਕ੍ਰਾਈਮ ਦੇ 907 ਮੁਕੱਦਮੇ ਦਰਜ ਹੋਏ ਸਨ, ਜਿਹਨਾਂ ਵਿਚ 530 ਮੁਕੱਦਮੇ ਸਿਰਫ ਜੈਪੁਰ ਸ਼ਹਿਰ ਵਿਚ ਦਰਜ ਹੋਏ ਸਨ।

ਮੁਕੱਦਮਿਆਂ ਦੇ ਦਰਜ ਹੋਣ ਤੋਂ ਬਾਅਦ ਜਾਂਚ ਵਿਚ ਸਾਹਮਣੇ ਆਇਆ ਕਿ ਸਾਈਬਰ ਠੱਗ ਖੁਦ ਨੂੰ ਬੈਂਕ ਮੈਨੇਜਰ ਦੱਸ ਕੇ ਲੋਕਾਂ ਦੇ ਮੋਬਾਇਲ ਤੇ ਫੋਨ ਕਰਕੇ ਕਹਿੰਦੇ ਹਨ ਕਿ ਤੁਹਾਡਾ ਏ. ਟੀ. ਐਮ. ਕਾਰਡ ਬੰਦ ਹੋ ਰਿਹਾ ਹੈ ਜਾਂ ਤੁਹਾਡੇ ਏ. ਟੀ. ਐਮ. ਕਾਰਡ ਚਲਾਉਣ ਦੀ ਸੀਮਾ ਵਧਵਾਓ ਅਤੇ ਇਸਨੂੰ ਆਧਾਰ ਕਾਰਡ ਨਾਲ ਲਿੰਕ ਕਰਵਾਓ। ਕਿਸੇ ਵੀ ਵਿਅਕਤੀ ਨੂੰ ਇਹ ਠੱਗ ਮੋਬਾਇਲ ਤੇ ਕਹਿੰਦੇ ਹਨ ਕਿ ਤੁਹਾਡਾ ਏ. ਟੀ. ਐਮ. ਕਾਰਡ ਪੁਰਾਣਾ ਹੋ ਗਿਆ ਹੈ। ਉਸ ਦੇ ਬਦਲੇ ਨਵਾਂ ਕਾਰਡ ਜਾਰੀ ਕੀਤਾ ਜਾ ਰਿਹਾ ਹੈ। ਇਸ ਕਰਕੇ ਨਵਾਂ ਪਾਸਵਰਡ ਦਿੱਤਾ ਜਾ ਰਿਹਾ ਹੈ। ਤੁਸੀਂ ਪਿਛਲੀ ਵਾਰ ਏ. ਟੀ. ਐਮ. ਤੋਂ ਕਦੋਂ ਰਕਮ ਕਢਵਾਈ ਸੀ? ਕੀ ਤੁਸੀਂ ਨਵੇਂ ਕੇ. ਵਾਈ. ਸੀ. ਜਾਂ ਆਧਾਰ ਕਾਰਡ ਨੂੰ ਲਿੰਕ ਨਹੀਂ ਕੀਤਾ ਹੈ? ਬੈਂਕ ਵਾਲਿਆਂ ਵਾਂਗ ਤਕਨੀਕੀ ਗੱਲਾਂ ਕਹਿ ਕੇ ਇਹ ਠੱਗ ਮੋਬਾਇਲ ਤੇ ਹੀ ਲੋਕਾਂ ਦੇ ਏ. ਟੀ. ਐਮ. ਕਾਰਡ ਦਾ ਨੰਬਰ, ਸੀ. ਵੀ. ਸੀ. ਨੰਬਰ ਅਤੇ ਓ. ਟੀ. ਪੀ. ਨੰਬਰ ਪੁੱਛ ਲੈਂਦੇ ਹਨ। ਇਸ ਤੋਂ ਬਾਅਦ ਇਹ ਸਾਈਬਰ ਠੱਗ ਸਮਾਰਟ ਫੋਨ ਜਾਂ ਕੰਪਿਊਟਰ ਦੇ ਜ਼ਰੀਏ ਮਨੀ ਟ੍ਰਾਂਸਫਰ ਸਾਫਟਵੇਅਰ ਦੁਆਰਾ ਉਸ ਵਿਅਕਤੀ ਦੇ ਖਾਤੇ ਦੀ ਰਕਮ ਕਢਵਾ ਲੈਂਦੇ ਹਨ।

ਰਾਜਸਥਾਨ ਵਿਚ ਇਫ ਕਿਸਮ ਦੀਆਂ ਲਗਾਤਾਰ ਹੋ ਰਹੀਆਂ ਠੱਗੀ ਦੀਆਂ ਵਾਰਦਾਤਾਂ ਕਰਨ ਵਾਲੇ ਮਹਾਰਾਸ਼ਟਰ ਦੇ ਪੁਣੇ ਜ਼ਿਲ੍ਹੇ ਦੇ ਤਲੇਗਾਉਂ ਇਲਾਕੇ ਵਿਚ ਰਹਿ ਰਹੇ ਹਨ। ਟੀਮ ਨੇ ਉਹਨਾਂ ਨੂੰ ਪਛਾਣ ਕੇ ਨਿਗਰਾਨੀ ਆਰੰਭ ਕੀਤੀ ਤਾਂ ਪਤਾ ਲੱਗਿਆ ਕਿ ਇਹ ਠੱਗ ਕਾਲ ਸੈਂਟਰ ਦੀ ਤਰਜ ਤੇ ਬੈਂਕ ਅਧਿਕਾਰੀ ਬਣ ਕੇ ਰੋਜ਼ਾਨਾ ਸੈਂਕੜੇ ਲੋਕਾਂ ਨੂੰ ਫੋਨ ਕਰਦੇ ਹਨ ਅਤੇ ਉਹਨਾਂ ਦੇ ਏ. ਟੀ. ਐਮ. ਕਾਰਡ ਦਾ ਨੰਬਰ ਆਦਿ ਪੁੱਛ ਕੇ ਆਨਲਾਈਨ ਠੱਗੀ ਮਾਰਦੇ ਹਨ।

ਕਈ ਦਿਨਾਂ ਦੀ ਨਿਗਰਾਨੀ ਤੋਂ ਬਾਅਦ ਕ੍ਰਾਈਮ ਬਰਾਂਚ ਨੇ ਮਹਾਰਾਸ਼ਟਰ ਦੇ ਪੁਣੇ ਦੇ ਐਸ.ਪੀ. ਸੁਵੇਜ ਹੱਕ ਅਤੇ ਕ੍ਰਾਈਮ ਬ੍ਰਾਂਚ ਦੇ ਅਧਿਕਾਰੀਆਂ ਦੀ ਮਦਦ ਨਾਲ 27 ਮਾਰਚ ਨੂੰ 5 ਲੋਕਾਂ ਨੂੰ ਮਹਾਰਾਸ਼ਟਰ ਦੇ ਤਲੇਗਾਉਂ ਦਾਭਾੜੇ ਤੋਂ ਗ੍ਰਿਫਤਾਰ ਕੀਤਾ। ਇਹਨਾਂ ਵਿਚ ਝਾਰਖੰਡ ਦੇ ਜ਼ਿਲ੍ਹਾ ਜਾਮਤਾੜਾ ਦੇ ਕਰਮਾਟਾਂਡ ਨਿਵਾਸੀ 3 ਸਕੇ ਭਰੇ ਯੂਸਫ, ਮੁਖਤਾਰ ਅਤੇ ਅਖਤਰ ਸ਼ਾਮਲ ਸਨ। ਯੂਨਸ ਦੇ ਇਹਨਾਂ ਤਿੰਨੇ ਬੇਟਿਆਂ ਵਿਚ ਯੂਸਫ ਸਭ ਤੋਂ ਵੱਡਾ ਅਤੇ ਅਖਤਰ ਸਭ ਤੋਂ ਛੋਟਾ ਸੀ। ਇਹਨਾਂ ਤੋਂ ਇਲਾਵਾ ਮਹਾਰਾਸ਼ਟਰ ਦੇ ਪੁਣੇ ਦੇ ਤਲੇਗਾਉਂ ਦਾਭਾੜੇ ਨਿਵਾਸੀ ਸੰਜੇ ਸਿੰਧੇ ਅਤੇ ਸ਼ੈਲੇਸ਼ ਨੂੰ ਵੀ ਗ੍ਰਿਫਤਾਰ ਕੀਤਾ ਗਿਆ। ਇਹਨਾਂ ਦੇ ਕੋਲੋਂ ਪੁਲਿਸ ਨੇ 10 ਛੋਟੇ ਅਤੇ 4 ਵੱਡੇ ਮੋਬਾਇਲ ਫੋਨ, 15 ਸਿਮ, 7 ਏ. ਟੀ. ਐਮ. ਕਾਰਡ ਅਤੇ 9 ਲੱਖ 86 ਹਜ਼ਾਰ 500 ਰੁਪਏ ਬਰਾਮਦ ਕੀਤੇ ਸਨ। ਇਹਨਾਂ ਲੋਕਾਂ ਨੇ ਪਿਛਲੇ ਸਾਲ ਜੈਪੁਰ ਦੇ ਰਹਿਣ ਵਾਲੇ ਗੋਪਾਲ ਬੈਰਵਾ ਨੂੰ ਫੋਨ ਕਰਕੇ ਉਸ ਤੋਂ 29 ਹਜ਼ਾਰ 600 ਰੁਪਏ ਠੱਗੇ ਸਨ। ਇਸ ਦਾ ਮੁਕੱਦਮਾ ਜੈਪੁਰ ਪੂਰਬ ਦੇ ਥਾਣਾ ਬੱਸੀ ਵਿਚ ਦਰਜ ਸੀ। ਗ੍ਰਿਫਤਾਰ ਦੋਸ਼ੀਆਂ ਨੂੰ ਪੁਲਿਸ ਜੈਪੁਰ ਲੈ ਆਈ। ਇਹਨਾਂ ਤੋਂ ਪੁੱਛਗਿੱਛ ਵਿਚ ਪਤਾ ਲੱਗਿਆ ਕਿ ਝਾਰਖੰਡ ਦੇ ਜਾਮਤਾੜਾ ਜ਼ਿਲ੍ਹੇ ਦੇ ਕਰਮਾਟਾਂਡ ਦੇ ਰਹਿਣ ਵਾਲੇ ਤਿੰਨ ਠੱਗ ਭਰਾਵਾਂ ਨੇ ਆਪਣੇ ਪਿੰਡ ਦੇ ਹੀ ਦੂਜੇ ਲੋਕਾਂ ਤੋਂ ਬੈਂਕ ਅਧਿਕਾਰੀ ਬਣ ਕੇ ਆਨਲਾਈਨ ਠੱਗੀ ਮਾਰਨਾ ਸਿੱਖਿਆ ਅਤੇ ਨਕਲੀ ਆਈ. ਡੀ. ਤੇ ਦਰਜਨਾਂ ਸਿਮ ਹਾਸਲ ਕਰਕੇ ਆਸ

ਸੰਪਾਦਕੀ

ਬੰਜਰ ਜ਼ਮੀਨ ਨੂੰ ਖੇਤੀ ਯੋਗ ਬਣਾਉਣਾ

ਪੰਜਾਬ ਖੇਤੀ ਵਿਭਾਗ ਮਹਿਕਮੇ ਦਾ ਕੰਮ ਹੈ- ਭੂਮੀ ਦੀ ਸੰਭਾਲ ਕਰਨਾ, ਬੰਜਰ ਜ਼ਮੀਨ ਨੂੰ ਖੇਤੀ ਯੋਗ ਬਣਾਉਣਾ, ਜ਼ਮੀਨ ਬਚਾਉਣ ਲਈ ਨਹਿਰੀ ਤੇ ਟਿਊਬਵੈਲ ਦੇ ਨਾਲਿਆਂ ਦੀ ਜਗ ?ਹਾ ਸੀਮੈਂਟ ਦੇ ਨਾਲੇ ਪਾ ਕੇ ਉਪਰ ਵਾਲੀ ਜ਼ਮੀਨ ਤੋਂ ਖੇਤੀ ਕਰਨਾ ਤੇ ਉਹ ਜ਼ਮੀਨ ਜਿਹੜੀ ਪਾਣੀ ਦੇ ਖਲਾਰ ਵਿੱਚ ਵਿਹਲੀ ਰਹਿਣੀ ਸੀ, ਉਸ ਉੱਤੇ ਵੀ ਖੇਤੀ ਕਰਨਾ, ਕੱਲਰ ਖ਼ਤਮ ਕਰ ਕੇ ਜ਼ਮੀਨ ਉਪਜਾਊ ਬਣਾਉਣੀ ਅਤੇ ਕਈ ਹੋਰ ਕੰਮ ਕਰਨੇ। ਹੁਣ ਪੰਜਾਬ ਸਰਕਾਰ ਨੇ ਸ਼ਹਿਰਾਂ ਨੇੜੇ ਪਿੰਡਾਂ ਦੀਆਂ ਉਪਜਾਊ ਜ਼ਮੀਨਾਂ ਖਰੀਦ ਕੇ ਫਿਰ ਘਰ ਬਣਾਉਣ ਲਈ ਵੇਚਣ ਦੇ ਫੈਸਲੇ 'ਤੇ ਕਈ ਤਰ੍ਹਾਂ ਦੇ ਸਵਾਲ ਉਠਣੇ ਸੁਭਾਵਿਕ ਸਨ। ਪੰਜਾਬ ਨੂੰ ਮੁਲਕ ਦਾ ਖੇਤੀ ਸੂਬਾ ਕਿਹਾ ਜਾਂਦਾ ਹੈ ਕਿਉਂ ਜੋ ਤਕਰੀਬਨ 99.5 ਫ਼ੀਸਦ ਜ਼ਮੀਨ 'ਤੇ ਖੇਤੀ ਕੀਤੀ ਜਾ ਸਕਦੀ ਹੈ; ਮੁਲਕ ਪੱਧਰ 'ਤੇ ਇਹ ਸਿਰਫ 46 ਫ਼ੀਸਦ 'ਤੇ ਕੀਤੀ ਜਾ ਸਕਦੀ ਹੈ। ਫਿਰ ਸਾਰੀ ਦੀ ਸਾਰੀ ਖੇਤੀ ਜ਼ਮੀਨ ਨੂੰ ਪਾਣੀ ਦੀ ਸਿੰਜਾਈ ਸੰਭਵ ਹੈ। ਭਾਰਤ ਦੀ ਪੱਧਰ 'ਤੇ ਇਹ ਸਿਰਫ 42 ਫ਼ੀਸਦ 'ਤੇ ਹੀ ਮਿਲਦੀ ਹੈ। ਤਕਰੀਬਨ ਹਰ ਫ਼ਸਲ ਦੀ ਉਪਜ ਭਾਰਤ ਵਿੱਚ ਮਿਲਣ ਵਾਲੀਆਂ ਫ਼ਸਲਾਂ ਤੋਂ ਜ਼ਿਆਦਾ ਹੈ। ਡੇਅਰੀ ਜੋ ਖੇਤੀ ਦਾ ਅਹਿਮ ਸਹਾਇਕ ਪੇਸ਼ਾ ਹੈ, ਉਸ ਦਾ ਪ੍ਰਾਂਤ ਦੇ ਘਰੇਲੂ ਉਤਪਾਦਨ ਵਿੱਚ ਯੋਗਦਾਨ 9 ਫ਼ੀਸਦ ਹੈ, ਮੁਲਕ ਭਰ ਦੀ ਪੱਧਰ 'ਤੇ ਇਹ ਸਿਰਫ 5 ਫ਼ੀਸਦ ਹੈ। ਪੰਜਾਬ ਕੋਲ ਮੁਲਕ ਦਾ ਸਿਰਫ 1.5 ਫ਼ੀਸਦ ਖੇਤਰ ਹੋਣ ਦੇ ਬਾਵਜੂਦ ਇਹ ਮੁਲਕ ਦੇ ਅਨਾਜ ਭੰਡਾਰ ਵਿੱਚ ਤਕਰੀਬਨ 60 ਫ਼ੀਸਦ ਦਾ ਹਿੱਸਾ ਪਾਉਂਦਾ ਰਿਹਾ ਹੈ ਭਾਵੇਂ ਪੰਜਾਬ ਵਿੱਚ ਮੁਲਕ ਦੀ 2.5 ਫ਼ੀਸਦ ਵਸੋਂ ਰਹਿੰਦੀ ਹੈ ਜਿਸ ਵਿੱਚ 47 ਲੱਖ ਪਰਵਾਸੀ ਹਨ ਜਿਹੜੇ ਪੰਜਾਬ ਦੇ ਉਦਯੋਗ ਅਤੇ ਖੇਤੀ ਵਿੱਚ ਕੰਮ ਕਰਦੇ ਹਨ। ਇਸ ਵਿੱਚ ਸ਼ੱਕ ਨਹੀਂ ਕਿ ਇਕੱਠੀ ਜ਼ਮੀਨ ਖਰੀਦੀ ਜਾਵੇ ਤਾਂ ਸਸਤੀ ਪੈਂਦੀ ਹੈ। ਫਿਰ ਇਕੱਠਾ ਮਟੀਰੀਅਲ ਬਹੁਤ ਸਸਤਾ ਪੈਂਦਾ ਹੈ ਅਤੇ ਖਰੀਦਦਾਰਾਂ ਨੂੰ ਸਸਤੇ ਘਰ ਮਿਲ ਜਾਂਦੇ ਹਨ। ਜਿਸ ਤਰ੍ਹਾਂ ਪਹਿਲਾਂ ਹੀ ਜ਼ਮੀਨਾਂ ਨੂੰ ਕਲੋਨੀਆਂ ਵਿੱਚ ਬਦਲਣ ਵਾਲੇ ਡੀਲਰ ਕਰ ਰਹੇ ਹਨ ਪਰ ਇਸ ਹਾਲਤ ਵਿੱਚ ਉਹ ਘਰ ਸਸਤੇ ਨਹੀਂ ਮਿਲਣਗੇ ਕਿਉਂ ਜੋ ਪੁੱਡਾ (ਪੰਜਾਬ ਹਾਊਸਿੰਗ ਡਿਵੈਲਪਮੈਂਟ ਅਥਾਰਟੀ) ਜਿਸ ਨੇ ਇਹ ਜ਼ਮੀਨ ਪ੍ਰਾਪਤ ਕਰ ਕੇ ਕਾਲੋਨੀਆਂ ਬਣਾਉਣੀਆਂ ਹਨ, ਉਨ੍ਹਾਂ ਨੇ ਇਸ ਵਿੱਚ ਪਾਰਕਿੰਗ, ਦੁਕਾਨਾਂ, ਪਾਰਕਾਂ ਅਤੇ ਸਮਾਜਿਕ ਸੰਸਥਾਵਾਂ ਲਈ ਖੇਤਰ ਛੱਡ ਕੇ ਛੋਟੇ ਤੇ ਵੱਡੇ ਪਲਾਟ ਕੱਟ ਕੇ ਫਿਰ ਉਨ੍ਹਾਂ 'ਤੇ ਘਰ ਬਣਾ ਕੇ ਉਨ੍ਹਾਂ ਦੀ ਵਿਕਰੀ ਕਰਨੀ ਹੈ। ਉਹ ਘਰ ਖੇਤੀ ਵਾਲੀ ਜ਼ਮੀਨ ਤੋਂ 10 ਗੁਣਾ ਤੋਂ ਵੀ ਜ਼ਿਆਦਾ ਮੁੱਲ ਪਾ ਕੇ ਮਿਲਣਗੇ। ਸਰਕਾਰ ਦੇ ਇਸ਼ਤਿਹਾਰ ਤੋਂ ਜਾਪਦਾ ਹੈ ਕਿ ਲੁਧਿਆਣਾ ਜਿਸ ਦੇ ਨਜ਼ਦੀਕ 24000 ਏਕੜ, ਮੁਹਾਲੀ ਜਿਸ ਦੇ ਨਜ਼ਦੀਕ 6000 ਏਕੜ ਅਤੇ ਹੋਰ ਸ਼ਹਿਰਾਂ ਵਿੱਚ ਵੀ ਵੱਡੀ ਮਾਤਰਾ ਵਿੱਚ ਜ਼ਮੀਨ ਪ੍ਰਾਪਤ ਕਰਨੀ ਹੈ ਪਰ ਇਸ ਲਈ ਇੰਨੀ ਵੱਡੀ ਮੰਗ ਆਈ ਕਿੱਥੋਂ ਹੈ, ਉਸ ਦਾ ਵੇਰਵਾ ਨਹੀਂ ਦਿੱਤਾ ਗਿਆ। ਇੱਥੇ ਇੱਕ ਅਹਿਮ ਤੱਥ ਇਹ ਹੈ ਕਿ ਨਵੇਂ ਘਰਾਂ ਦੀ ਵਧੇਰੇ ਲੋੜ ਤਾਂ ਪਿੰਡਾਂ ਵਿੱਚ ਹੈ, ਖਾਸ ਕਰ ਕੇ ਮਜ਼ਦੂਰ ਤਬਕੇ ਨੂੰ ਜਿਨ੍ਹਾਂ ਕੋਲ ਸਿਰ ਲੁਕੋਣ ਲਈ ਛੱਤ ਵੀ ਨਹੀਂ। ਇਹ ਲੋਕ ਦਹਾਕਿਆਂ ਤੋਂ ਆਪਣਾ ਘਰ ਬਣਾਉਣ ਲਈ ਮਾੜਾ-ਮੋਟਾ ਪਲਾਟ ਵੀ ਨਹੀਂ ਖਰੀਦ ਸਕੇ ਹਨ। ਭੂਮੀ ਦੀ ਖਰੀਦ-ਵੇਚ ਅਤੇ ਖੇਤੀ ਵਾਲੀ ਜ਼ਮੀਨ ਘਰਾਂ ਵਿੱਚ ਬਦਲਣ ਵਾਲੇ ਵਪਾਰ ਵਿੱਚ ਬਾਕੀ ਸਭ ਵਪਾਰਾਂ ਤੋਂ ਜ਼ਿਆਦਾ ਲਾਭ ਹੋਇਆ ਹੈ। 1950 ਵਿੱਚ ਜਿਹੜੀ ਜ਼ਮੀਨ 2 ਰੁਪਏ ਗਜ਼ ਮਿਲਦੀ ਸੀ, ਅੱਜ ਉਹ 2 ਲੱਖ ਰੁਪਏ ਗਜ਼ ਵਿਕਦੀ ਹੈ। ਇਸੇ ਅਨੁਪਾਤ ਨਾਲ ਹੋਰ ਰਿਹਾਇਸ਼ੀ ਕਾਲੋਨੀਆਂ ਦੀਆਂ ਜ਼ਮੀਨਾਂ ਵਿਕੀਆਂ ਹਨ। ਰੀਅਲ ਅਸਟੇਟ ਦੇ ਵਪਾਰੀਆਂ ਨੇ ਇਸ ਵਪਾਰ ਵਿੱਚੋਂ ਵੱਡੀ ਕਮਾਈ ਕੀਤੀ ਹੈ। ਪੰਜਾਬ ਵਿੱਚ ਸ਼ਹਿਰੀਕਰਨ ਤੇਜ਼ੀ ਨਾਲ ਵਧਿਆ ਹੈ। ਅੱਜ ਕੱਲ੍ਹ ਪੰਜਾਬ ਦੀ 42 ਫ਼ੀਸਦ ਵਸੋਂ ਸ਼ਹਿਰਾਂ ਵਿੱਚ ਰਹਿ ਰਹੀ ਹੈ; ਬਾਕੀ ਮੁਲਕ ਵਿੱਚ ਇਹ ਅਨੁਪਾਤ ਅਜੇ ਵੀ 30 ਫ਼ੀਸਦ ਤੋਂ ਥੱਲੇ ਹੈ। ਪੰਜਾਬ ਹੀ ਉਹ ਸੂਬਾ ਹੈ ਜਿਸ ਦੇ ਸ਼ਹਿਰੀਕਰਨ ਤੋਂ ਬਾਅਦ ਸਭ ਤੋਂ ਵੱਧ ਲੋਕ ਵਿਦੇਸ਼ ਪਰਵਾਸ ਕਰ ਕੇ ਗਏ ਹਨ ਅਤੇ ਉਹ ਆਪਣੀਆਂ ਬਚਤਾਂ ਘਰਾਂ, ਖਾਸਕਰ ਖੁੱਲ੍ਹੇ ਘਰਾਂ 'ਤੇ ਲਾਉਂਦੇ ਹਨ। ਘਰ ਬਣਾ ਕੇ ਵੇਚਣੇ ਚੰਗੀ ਗੱਲ ਹੈ ਪਰ ਇਹ ਜ਼ਰੂਰੀ ਸੀ ਕਿ ਖੇਤੀ ਵਾਲੀ ਉਪਜਾਊ ਜ਼ਮੀਨ ਨੂੰ ਘਰਾਂ ਵਿੱਚ ਬਦਲਣ ਤੋਂ ਪਹਿਲਾਂ ਇਹ ਅੰਦਾਜ਼ਾ ਲਾਇਆ ਜਾਂਦਾ ਕਿ ਕਿੰਨੇ ਲੋਕਾਂ ਨੂੰ ਘਰਾਂ ਦੀ ਜ਼ਰੂਰਤ ਹੈ। ਸਵਾਲ ਇਹ ਵੀ ਹੈ: ਕੀ ਇਹ ਘਰ ਲੋੜਵੰਦਾਂ ਨੂੰ ਮਿਲਣਗੇ ? ਜਾਂ ਫਿਰ ਪਹਿਲਾਂ ਵਾਂਗ ਇਨ੍ਹਾਂ ਘਰਾਂ ਦਾ ਲਾਭ ਵਪਾਰੀ ਹੀ ਲੈ ਜਾਣਗੇ। ਪਿਛਲੇ ਕੁਝ ਸਮੇਂ ਤੋਂ ਹਰ ਸ਼ਹਿਰ ਦੇ ਬਾਹਰ ਵਾਲੀਆਂ ਕਲੋਨੀਆਂ ਦੇ ਪਲਾਟ ਵਿਕ ਨਹੀਂ ਰਹੇ। ਕਿਸੇ ਵੀ ਸ਼ਹਿਰ ਦੇ ਬਾਹਰ ਜਾਓ- ਅੰਮ੍ਰਿਤਸਰ, ਜਲੰਧਰ, ਲੁਧਿਆਣਾ, ਪਟਿਆਲਾ ਆਦਿ ਅਤੇ ਛੋਟੇ ਕਸਬਿਆਂ ਤੱਕ ਹਰ ਸ਼ਹਿਰ ਦੇ ਬਾਹਰ 14-15 ਕਿਲੋਮੀਟਰ ਤੱਕ ਖੇਤੀ ਵਾਲੀ ਜ਼ਮੀਨ ਵਿੱਚ ਸੜਕਾਂ, ਬਿਜਲੀ ਦੇ ਖੰਭੇ ਅਤੇ ਕਲੋਨੀਆਂ ਦੇ ਨਾਵਾਂ ਦੇ ਬੋਰਡ ਲੱਗੇ ਮਿਲਦੇ ਹਨ ਪਰ ਉਹ ਕਾਲੋਨੀਆਂ ਪਿਛਲੇ 10-12 ਸਾਲਾਂ ਤੋਂ ਇਸੇ ਤਰ੍ਹਾਂ ਬੇਆਬਾਦ ਹਨ। ਲੱਖਾਂ ਏਕੜ ਜ਼ਮੀਨ ਵਿਹਲੀ ਪਈ ਹੈ ਜਿਸ 'ਤੇ ਕੋਈ ਉਪਜ ਨਹੀਂ ਹੋ ਰਹੀ। ਇਨ੍ਹਾਂ ਪਲਾਟਾਂ ਦੇ ਮਾਲਕਾਂ ਦੇ ਵੇਰਵੇ ਬੜੇ ਦਿਲਚਸਪ ਹਨ। ਇੱਕ ਤਾਂ ਲੱਖਾਂ ਏਕੜ ਜ਼ਮੀਨ ਵਿਹਲੀ ਪਈ ਹੋਣ ਕਰ ਕੇ ਲੱਖਾਂ ਲੋਕਾਂ ਦਾ ਰੁਜ਼ਗਾਰ ਖੁੱਸਿਆ; ਦੂਜਾ, ਲੱਖਾਂ ਟਨ ਉਤਪਾਦਨ 10-12 ਸਾਲ ਤੋਂ ਨਹੀਂ ਹੋ ਰਿਹਾ। ਇਹੀ ਨਹੀਂ, ਇਨ੍ਹਾਂ ਕਾਲੋਨੀਆਂ ਵਿੱਚ ਉਨ੍ਹਾਂ ਲੋਕਾਂ ਦੇ ਵੀ ਪਲਾਟ ਹਨ ਜਿਨ੍ਹਾਂ ਕੋਲ ਪਹਿਲਾਂ ਹੀ ਖੂਬਸੂਰਤ ਘਰ ਹੈ। ਵਿਦੇਸ਼ ਰਹਿਣ ਵਾਲਿਆਂ ਦੇ ਕਈ-ਕਈ ਪਲਾਟ ਹਨ। ਉਨ੍ਹਾਂ ਇਹ ਪਲਾਟ ਮਹਿੰਗੇ ਹੋਣ ਦੀ ਉਮੀਦ ਵਿੱਚ ਰੱਖੇ ਹੋਏ ਹਨ। ਇਸ ਦਾ ਅਰਥ ਹੈ, ਉਹ ਪਲਾਟ ਰਿਹਾਇਸ਼ ਲਈ ਨਹੀਂ ਬਲਕਿ ਵਪਾਰ ਲਈ ਰੱਖੇ ਹੋਏ ਹਨ। ਰੀਅਲ ਅਸਟੇਟ ਦਾ ਵਪਾਰ ਪੰਜਾਬ ਦੀ ਕਿਸਾਨੀ ਨੂੰ ਇਕ ਹੋਰ ਢੰਗ ਨਾਲ ਵੀ ਢਾਹ ਲਾ ਰਿਹਾ ਹੈ। ਰਸਾਇਣਕ ਖਾਦਾਂ ਅਤੇ ਨਦੀਨ ਤੇ ਕੀੜੇ ਨਾਸ਼ਕ ਦਵਾਈਆਂ ਉਨ੍ਹਾਂ ਖੇਤਰਾਂ ਵਿੱਚ ਸਫਲ ਹਨ ਜਿਥੇ ਸਿੰਜਾਈ ਦੀ ਬਹੁਤਾਤ ਹੈ। ਪੰਜਾਬ ਵਿੱਚ ਮੁਲਕ ਦੇ ਮੁਕਾਬਲੇ 10 ਗੁਣਾ ਜ਼ਿਆਦਾ ਰਸਾਇਣ ਵਰਤੇ ਜਾ ਰਹੇ ਹਨ। ਜ਼ਮੀਨ ਘਟਣ ਨਾਲ ਸੰਘਣੀ ਖੇਤੀ 'ਤੇ ਜ਼ੋਰ ਹੈ, ਇਉਂ ਜ਼ਮੀਨ ਦਿਨੋ-ਦਿਨ ਕਮਜ਼ੋਰ ਹੋ ਗਈ ਹੈ। ਰਸਾਇਣ ਧਰਤੀ, ਪਾਣੀ ਅਤੇ ਹਵਾ ਵਿੱਚ ਘੁਲ ਕੇ ਖੁਰਾਕ 'ਚ ਦਾਖਲ ਹੋ ਜਾਂਦੇ ਹਨ। ਇਸੇ ਕਰ ਕੇ ਪੰਜਾਬ ਦਾ ਕੁਦਰਤੀ ਵਾਤਾਵਰਨ ਉਹ ਨਹੀਂ ਰਿਹਾ ਜਿਹੜਾ 60 ਸਾਲ ਪਹਿਲਾਂ ਸੀ। ਸ਼ਹਿਰੀਕਰਨ ਵਧਣ ਨਾਲ ਪ੍ਰਦੂਸ਼ਣ ਤੇ ਵਾਤਾਵਰਨ ਵਿਗਾੜ ਹੋਰ ਵਧੇਗਾ। ਜਿੰਨੀ ਉਪਜਾਊ ਜ਼ਮੀਨ ਕਲੋਨੀਆਂ ਲਈ ਵਰਤੀ ਜਾਵੇਗੀ, ਵਾਤਾਵਰਨ 'ਚ ਹੋਰ ਵਿਗਾੜ ਆਉਣਗੇ; ਸ਼ਹਿਰੀਕਰਨ ਦੀ ਭੀੜ ਤੇ ਪ੍ਰਦੂਸ਼ਣ ਘਟਣਗੇ ਨਹੀਂ, ਹੋਰ ਵਧਣਗੇ। ਇੱਕ ਪਾਸੇ ਭੂਮੀ ਸੰਭਾਲ ਮਹਿਕਮਾ ਸੀਮੈਂਟ ਦੇ ਪਾਈਪ ਪਾ ਕੇ ਧਰਤੀ ਦੀ ਬਚਤ ਕਰ ਰਿਹਾ ਹੈ, ਦੂਜੇ ਪਾਸੇ ਉਪਜਾਊ ਭੂਮੀ ਨੂੰ ਇਮਾਰਤਾਂ ਵਿੱਚ ਬਦਲਣ ਲਈ ਯੋਜਨਾਵਾਂ ਘੜੀਆਂ ਜਾ ਰਹੀਆਂ ਹਨ। ਇਸੇ ਲਈ ਪੰਜਾਬ ਵਿੱਚ ਰੀਅਲ ਅਸਟੇਟ ਦੇ ਵਪਾਰ ਨੂੰ ਨਿਯਮਤ ਕਰਨ ਅਤੇ ਸਿਰਫ ਲੋੜਵੰਦਾਂ ਲਈ ਹੀ ਮਕਾਨ ਬਣਾਉਣ ਲਈ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ। ਭਾਰਤ ਵਿੱਚ ਦੁਨੀਆ ਭਰ ਵਿੱਚ ਸਭ ਤੋਂ ਵੱਧ ਆਮਦਨ ਅਤੇ ਧਨ ਨਾ-ਬਰਾਬਰੀ ਹੈ। ਸ਼ਹਿਰਾਂ ਦੇ ਬਾਹਰਵਾਰ ਇੱਕ-ਇੱਕ ਪਰਿਵਾਰ ਕੋਲ ਏਕੜਾਂ ਵਿੱਚ ਘਰ ਹਨ; ਦੂਜੇ ਪਾਸੇ, 100 ਗਜ਼ ਦੇ ਖੇਤਰ ਵਾਲੇ ਘਰ ਵਿੱਚ ਦੋ-ਦੋ, ਤਿੰਨ-ਤਿੰਨ ਪਰਿਵਾਰ ਰਹਿ ਰਹੇ ਹਨ। ਜਦੋਂ ਪੰਜਾਬ ਦੀ ਖੇਤੀ ਜ਼ਮੀਨ ਦੀ ਉਪਰਲੀ ਹੱਦ ਮਿਥੀ ਗਈ ਸੀ ਤਾਂ ਸ਼ਹਿਰੀ ਜ਼ਮੀਨ ਦੀ ਉਪਰਲੀ ਹੱਦ ਮਿਥਣ ਦੀ ਮੰਗ ਵੀ ਉੱਠੀ ਸੀ ਜਿਸ ਨੂੰ ਉਦਯੋਗੀਕਰਨ ਵਧਾਉਣ ਕਰ ਕੇ ਰੱਦ ਕੀਤਾ ਗਿਆ ਪਰ ਰਿਹਾਇਸ਼ੀ ਘਰਾਂ ਦੀ ਉਪਰਲੀ ਹੱਦ ਜ਼ਰੂਰ ਮਿਥਣੀ ਚਾਹੀਦੀ ਹੈ।

ਧਰਮ ਪ੍ਰਚਾਰ ਵੈਲਫੇਅਰ ਸੁਸਾਇਟੀ ਘਨੌਲੀ ਦੀ ਧਾਰਮਿਕ ਪ੍ਰੀਖਿਆ ਭਲਕੇ

ਰੂਪ ਨਗਰ, 21 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਘਨੌਲੀ ਇਲਾਕੇ ਵਿੱਚ ਬੱਚਿਆਂ ਨੂੰ ਸਿੱਖ ਧਰਮ ਨਾਲ ਜੋੜਨ ਵਾਲੀ ਧਾਰਮਿਕ ਸੰਸਥਾ ਧਰਮ ਪ੍ਰਚਾਰ ਵੈਲਫੇਅਰ ਸੁਸਾਇਟੀ (ਰਜਿ :) ਘਨੌਲੀ ਵੱਲੋ ਬੱਚਿਆ ਦੀ ਧਾਰਮਿਕ ਪ੍ਰੀਖਿਆ 20 ਜੁਲਾਈ ਦਿਨ ਐਤਵਾਰ ਨੂੰ ਇਲਾਕੇ ਦੇ ਬਣਾਏ ਗਏ 25 ਪਿੰਡਾ ਦੇ 6 ਪ੍ਰੀਖਿਆ ਕੇਂਦਰਾਂ ਵਿੱਚ ਲਈ ਜਾ ਰਹੀ ਹੈ।

ਇਸ ਸੰਬੰਧੀ ਜਾਣਕਾਰੀ ਦਿੰਦਿਆ ਪ੍ਰਧਾਨ ਪਰਦੀਪ ਸਿੰਘ ਨੇ ਦੱਸਿਆ ਕਿ ਹਰ ਸਾਲ ਵੱਖ ਵੱਖ ਪਿੰਡਾਂ ਵਿੱਚ ਜੋਂ ਅਪ੍ਰੈਲ ਤੋਂ ਲੈਕੇ ਜੁਲਾਈ ਤੱਕ ਗੁਰਮਤਿ ਕਲਾਸਾਂ ਲਗਾਈਆ ਜਾਦੀਆ ਹਨ ਉਹਨਾਂ ਵਿੱਚ ਆਉਣ ਵਾਲੇ ਬੱਚਿਆਂ ਦੀ ਧਾਰਮਿਕ ਪ੍ਰੀਖਿਆ ਲਈ ਜਾਂਦੀ ਹੈ ਜੋਂ ਕੇ ਇਸ ਸਾਲ 20 ਜੁਲਾਈ ਦਿਨ ਐਤਵਾਰ ਨੂੰ ਸਵੇਰੇ 10 ਵਜੇ ਤੋਂ ਲੈਕੇ 12 ਵੱਜੇ ਤੱਕ ਹੋਵੇਗੀ। ਉਹਨਾਂ ਵਿਦਿਆਰਥੀਆਂ ਨੂੰ ਬੇਨਤੀ ਕੀਤੀ ਕੀ 9:30 ਵਜੇ ਤੱਕ ਬੱਚੇ ਆਪਣੇ ਨਜ਼ਦੀਕੀ ਪ੍ਰੀਖਿਆ ਕੇਂਦਰ ਉੱਤੇ ਪਹੁੰਚ ਜਾਣ। ਭਰਤਗੜ੍ਹ, ਕੰਗਣਵਾਲ ਹਿਮਾਚਲ ਪ੍ਰਦੇਸ਼, ਘਨੌਲੀ, ਲੋਧੀ ਮਾਜਰਾ, ਖੁਆਸਪੁਰਾ ਅਤੇ ਸਦਾ ਬਰਤ ਸਾਹਿਬ ਪ੍ਰੀਖਿਆ ਕੇਂਦਰ ਬਣਾਏ ਗਏ ਹਨ। ਉਹਨਾਂ ਦੱਸਿਆ ਕਿ ਜ਼ੀਰੋ ਦਰਜੇ ਦੀ ਮੌਖਿਕ ਪ੍ਰੀਖਿਆ ਲਈ ਗਈ ਜਿਸ ਵਿੱਚ 250 ਦੇ ਕਰੀਬ ਬੱਚਿਆਂ ਨੇ ਭਾਗ ਲਿਆ। ਇਹਨਾਂ ਬੱਚਿਆ ਨੂੰ ਸੰਸਥਾ ਵੱਲੋਂ ਇਨਾਮ ਵੀ ਦਿੱਤੇ ਗਏ।

ਬਿਜਲੀ ਵਿਭਾਗ ਨੇ ਹਟਾਇਆ ਸ਼ਹੀਦੀ ਪਾਰਕ ਦੇ ਸਾਹਮਣੇ ਲੱਗਾ ਖਰਾਬ ਖੰਭਾ : ਐਸ.ਡੀ.ਓ. ਬਲਜੀਤ ਸਿੰਘ

ਮੋਗਾ, 21 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਵਾਰਡ ਨੰਬਰ 38 ਦੇ ਅਧੀਨ ਆਉਂਦੇ ਸ਼ਹੀਦੀ ਪਾਰਕ ਦੇ ਸਾਹਮਣੇ ਲੱਗੇ ਖੰਬੇ ਦਾ ਥੱਲੇ ਵਾਲਾ ਹਿੱਸਾ ਖਰਾਬ ਹੋਣ ਕਰਕੇ ਉਸਨੂੰ ਉਸ ਜਗ ?ਹਾ ਤੋਂ ਹਟਾ ਦਿੱਤਾ ਗਿਆ ਹੈ, ਪੋਲ ਨੂੰ ਤਿੰਨੋਂ ਪਾਸੇ ਤੋਂ ਖਿੱਚ/ਸਪੋਰਟਾਂ ਲੱਗੀਆਂ ਹੋਈਆਂ ਸਨ ਜਿਸ ਨਾਲ ਉਸਦੇ ਡਿੱਗਣ ਦਾ ਕੋਈ ਖਤਰਾ ਨਹੀਂ ਸੀ, ਫਿਰ ਵੀ ਉਸਨੂੰ ਸ਼ਹਿਰ ਵਾਸੀਆਂ ਦੀ ਮੰਗ ਅਨੁਸਾਰ ਹਟਾ ਦਿੱਤਾ ਗਿਆ ਹੈ। ਇਹ ਜਾਣਕਾਰੀ ਪੀ.ਐਸ.ਪੀ.ਐਲ. ਮੋਗਾ ਦੇ ਐਸ.ਡੀ.ਓ. ਬਲਜੀਤ ਸਿੰਘ ਨੇ ਸਾਂਝੀ ਕੀਤੀ। ਉਹਨਾਂ ਕਿਹਾ ਕਿ ਇਸ ਖੰਭੇ ਉਪਰ ਕੋਈ ਲੋਅ ਵੋਲਟੇਜ ਲਾਈਨ ਨਹੀਂ ਸੀ, ਇਸ ਉਪਰ ਇੱਕ ਸਟਰੀਟ ਲਾਈਟ ਪੁਆਇੰਟ ਲੱਗਾ ਸੀ ਅਤੇ ਕੇਬਲ ਤਾਰ੍ਹਾਂ ਪ੍ਰਾਈਵੇਟ ਆਪਰੇਟਰ ਦੁਆਰਾ ਪਾਈਆਂ ਹੋਈਆਂ ਸਨ। ਖੰਭੇ ਉੱਪਰ ਲੱਗਾ ਸਟਰੀਟ ਲਾਈਟ ਪੁਆਇੰਟ ਅਤੇ ਕੇਬਲ ਤਾਰਾਂ ਨੂੰ ਸ਼ਿਫਟ ਕੀਤਾ ਜਾ ਚੁੱਕਾ ਹੈ। ਉਹਨਾਂ ਕਿਹਾ ਕਿ ਬਿਜਲੀ ਵਿਭਾਗ ਲੋਕਾਂ ਨੂੰ ਵਧੀਆ ਸੇਵਾਵਾਂ ਦੇਣ ਲਈ ਵਚਨਬੱਧ ਹੈ। ਲੋਕਾਂ ਦੀਆਂ ਸਮੱਸਿਆਵਾਂ ਦਾ ਢੁਕਵਾਂ ਨਿਪਟਾਰਾ ਕੀਤਾ ਜਾ ਰਿਹਾ ਹੈ।

ਮੇਲਾ ਸਾਵਣ ਅਸ਼ਟਮੀ ਦੌਰਾਨ ਸੁਚਾਰੂ ਪ੍ਰਬੰਧ ਕਰਨ ਲਈ ਅਧਿਕਾਰੀਆਂ ਦੀਆਂ ਡਿਊਟੀਆਂ ਲਗਾਈਆਂ: ਜਸਪ੍ਰੀਤ ਸਿੰਘ

ਸ੍ਰੀ ਆਨੰਦਪੁਰ ਸਾਹਿਬ, 21 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਉੱਤਰੀ ਭਾਰਤ ਦੇ ਪ੍ਰਸਿੱਧ ਸ਼ਕਤੀ ਪੀਠ ਮਾਤਾ ਸ੍ਰੀ ਨੈਣਾ ਦੇਵੀ (ਹਿਮਾਚਲ ਪ੍ਰਦੇਸ਼) ਵਿਚ ਮੇਲਾ ਸਾਵਣ ਅਸ਼ਟਮੀ 25 ਜੁਲਾਈ ਤੋਂ 03 ਅਗਸਤ ਤੱਕ ਸੁਰੂ ਹੋ ਰਿਹਾ ਹੈ। ਇਸ ਲਈ ਸ਼ਰਧਾਲੂ ਸ੍ਰੀ ਅਨੰਦਪੁਰ ਸਾਹਿਬ ਤੇ ਕੀਰਤਪੁਰ ਸਾਹਿਬ ਰਸਤੇ ਰਾਹੀ ਮਾਤਾ ਸ੍ਰੀ ਨੈਣਾ ਦੇਵੀ ਮੰਦਿਰ ਪੁੱਜਦੇ ਹਨ। 4 ਪਹੀਆਂ ਵਹੀਕਲਾ ਤੋ ਇਲਾਵਾ ਸਾਈਕਲਾ, ਮੋਟਰਸਾਈਕਲ ਰਾਹੀ ਅਤੇ ਪੈਦਲ ਵੀ ਵੱਡੀ ਗਿਣਤੀ ਸੰਗਤ ਦਰਸ਼ਨਾ ਲਈ ਜਾਦੀ ਹੈ। ਇਸ ਲਈ ਸ੍ਰੀ ਅਨੰਦਪੁਰ ਸਾਹਿਬ/ਕੀਰਤਪੁਰ ਸਾਹਿਬ ਅਤੇ ਨਾਲ ਲੱਗਦੇ ਖੇਤਰਾਂ ਵਿਚ ਸੜਕਾਂ ਉਤੇ ਟਰੈਫਿਕ ਬਹੁਤ ਵੱਧ ਜਾਂਦਾ ਹੈ, ਆਵਾਜਾਈ ਦੇ ਸੁਚਾਰੂ ਪ੍ਰਬੰਧ ਕਰਨ ਲਈ ਪ੍ਰਸ਼ਾਸ਼ਨ ਵੱਲੋਂ ਪੁਖਤਾ ਪ੍ਰਬੰਧ ਕੀਤੇ ਗਏ ਹਨ।

ਇਹ ਜਾਣਕਾਰੀ ਜਸਪ੍ਰੀਤ ਸਿੰਘ ਉਪ ਮੰਡਲ ਮੈਜਿਸਟ ?ਰੇਟ ਸ੍ਰੀ ਅਨੰਦਪੁਰ ਸਾਹਿਬ ਨੇ ਅੱਜ ਇਥੇ ਦਿੱਤੀ। ਅੱਜ ਉਪ ਮੰਡਲ ਦਫਤਰ ਵਿੱਚ ਪ੍ਰਸ਼ਾਸ਼ਨ ਅਤੇ ਪੁਲਿਸ ਵੱਲੋਂ ਹਿਮਾਚਲ ਪ੍ਰਦੇਸ਼ ਦੇ ਅਧਿਕਾਰੀਆਂ ਨਾਲ ਮੇਲੇ ਦੇ ਅਗਾਓ ਪ੍ਰਬੰਧਾਂ ਸਬੰਧੀ ਇਹ ਵਿਸੇਸ ਮੀਟਿੰਗ ਬੁਲਾਈ ਗਈ ਸੀ। ਉਨ੍ਹਾਂ ਨੇ ਦੱਸਿਆ ਕਿ ਪਵਿੱਤਰ ਧਾਰਮਿਕ ਸਥਾਨ ਤੇ ਆਉਣ ਜਾਣ ਵਾਲੇ ਸ਼ਰਧਾਲੂਆਂ ਲਈ ਵੱਡੀ ਗਿਣਤੀ ਵਿਚ ਲੰਗਰ ਲਗਾਏ ਜਾਂਦੇ

ਐਸਬੀਆਈ ਆਰਸੈਟੀ ਨੇ 31 ਦਿਨਾਂ ਮਹਿਲਾ ਪਹਿਰਾਵਾ ਡਿਜ਼ਾਈਨ ਅਤੇ ਨਿਰਮਾਣ ਸਿੱਖਿਆ ਕੋਰਸ ਸਫ਼ਲਤਾਪੂਰਵਕ ਕਰਵਾਇਆ

ਪਟਿਆਲਾ, 21 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਭਾਰਤੀ, ਸਟੇਟ ਬੈਂਕ ਗ੍ਰਾਮੀਣ ਸਵੈਰੋਜ਼ਗਾਰ ਪ੍ਰਸ਼ਿਕਸ਼ਣ ਸੰਸਥਾਨ (ਐਸ ਬੀ ਆਈ, ਆਰਸੇਟੀ), ਪਟਿਆਲਾ ਵੱਲੋਂ ਮਹਿਲਾਵਾਂ ਲਈ 31 ਦਿਨਾਂ ÷ਵਿਮੈਨ ਗਾਰਮੈਂਟਸ ਡਿਜ਼ਾਈਨ ਐਂਡ ਨਿਰਮਾਣ÷ ਸਿੱਖਿਆ ਕੋਰਸ ਦਾ ਸਫਲ ਆਯੋਜਨ ਕੀਤਾ ਗਿਆ। ਇਸ ਕੋਰਸ ਵਿੱਚ ਵੱਖ-ਵੱਖ ਪਿੰਡਾਂ ਤੋਂ ਆਈਆਂ ਮਹਿਲਾਵਾਂ ਨੇ ਭਾਗ ਲਿਆ ਅਤੇ ਪਹਿਰਾਵਾ ਡਿਜ਼ਾਈਨ ਅਤੇ ਸਿਲਾਈ ਵਿੱਚ ਆਪਣੀ ਕਲਾ ਅਤੇ ਰਚਨਾਤਮਕਤਾ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ।

ਇਸ ਕੋਰਸ ਦੌਰਾਨ ਵਿਦਿਆਰਥਣਾਂ ਨੇ ਪ੍ਰੈਕਟੀਕਲ ਅਸਾਈਨਮੈਂਟ, ਚਾਰਟ ਅਤੇ ਕਰੀਏਟਿਵ ਡਿਜ਼ਾਈਨ ਤਿਆਰ ਕਰਕੇ ਆਪਣੀ ਪ੍ਰਤਿਭਾ ਨੂੰ ਉਜਾਗਰ ਕੀਤਾ। ਸਮਾਗਮ ਉਪਰੰਤ ਸਮੂਹ ਭਾਗੀਦਾਰਾਂ ਨੂੰ ਸਰਟੀਫਿਕੇਟ ਵੀ ਵੰਡੇ ਗਏ।

ਇਸ ਮੌਕੇ ਐਸਬੀਆਈ ਬੈਂਕ ਸ਼ਾਖਾ ਭਾਦਸੋ ਰੋਡ, ਪਟਿਆਲਾ ਦੇ ਸ਼ਾਖਾ ਪ੍ਰਬੰਧਕ ਬ੍ਰਿਜੇਂਦਰ ਪ੍ਰਸਾਦ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ। ਨਿਰਦੇਸ਼ਕ ਭਗਵਾਨ ਸਿੰਘ ਵਰਮਾ ਅਤੇ ਫੈਕਲਟੀ ਮੈਂਬਰ ਬਲਜਿੰਦਰ ਸਿੰਘ, ਹਰਦੀਪ ਰਾਏ, ਜਸਵਿੰਦਰ ਸਿੰਘ, ਰੋਮਨਪ੍ਰੀਤ, ਅਜੀਤਿੰਦਰ ਸਿੰਘ ਅਤੇ ਸੁਮਿਤ ਜੋਸ਼ੀ ਨੇ ਸਮਾਗਮ ਵਿੱਚ ਅਹਿਮ ਭੂਮਿਕਾ ਨਿਭਾਈ। ਉਹਨਾ ਦਸਿਆ ਕਿ ਆਰਸੈਟੀ ਪਟਿਆਲਾ ਭਵਿੱਖ ਵਿੱਚ ਵੀ ਮਹਿਲਾਵਾਂ ਅਤੇ ਨੌਜਵਾਨਾਂ ਨੂੰ ਸਵੈਰੋਜ਼ਗਾਰ ਵਲ ਪ੍ਰੇਰਿਤ ਕਰਨ ਵਾਲੇ ਸਮਾਗਮਾਂ ਦਾ ਆਯੋਜਨ ਕਰਦਾ ਰਹੇਗਾ। ਨਿਰਦੇਸ਼ਕ ਭਗਵਾਨ ਸਿੰਘ ਵਰਮਾ ਨੇ ਦੱਸਿਆ ਕਿ ਅਗਲਾ ਕੋਰਸ ÷ਜੂਟ ਉਤਪਾਦ ਉਦਯਮੀ ÷ 21 ਜੁਲਾਈ 2025 ਤੋਂ ਸ਼ੁਰੂ ਹੋ ਰਿਹਾ ਹੈ। ਇੱਛੁਕ ਅਭਿਆਰਥੀ ਨਿਰਦੇਸ਼ਕ ਨਾਲ ਸੰਪਰਕ ਕਰ ਸਕਦੇ ਹਨ।

ਪਾਰਟੀ ਸੰਗਠਨ ਦੀ ਮਜ਼ਬੂਤੀ ਲਈ ਲਾਏ ਗਏ ਨਵਨਿਯੁਕਤ ਅਹੁਦੇਦਾਰਾਂ ਦਾ ਲੋਕ ਸਭਾ ਇੰਚਾਰਜ ਬਲਜਿੰਦਰ ਸਿੰਘ ਢਿੱਲੋਂ ਵੱਲੋਂ ਲੋਕ ਸਭਾ ਦਫਤਰ ਵਿਖੇ ਸਿਰੋਪਾ ਪਾ ਕੇ ਸਨਮਾਨ

ਪਟਿਆਲਾ, 21 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਮੁਖ ਮੰਤਰੀ ਭਗਵੰਤ ਮਾਨ ਪੰਜਾਬ, ਪਾਰਟੀ ਪ੍ਰਧਾਨ ਅਤੇ ਕੈਬਿਨਟ ਮੰਤਰੀ ਅਮਨ ਅਰੋੜਾ, ਕਾਰਜਕਾਰੀ ਪ੍ਰਧਾਨ ਸ਼ੈਰੀ ਕਲਸੀ ਵੱਲੋਂ ਪਾਰਟੀ ਸੰਗਠਨ ਦੀ ਮਜ਼ਬੂਤੀ ਲਈ ਲਾਏ ਗਏ ਨਵਨਿਯੁਕਤ ਅਹੁਦੇਦਾਰਾਂ ਦਾ ਲੋਕ ਸਭਾ ਇੰਚਾਰਜ ਬਲਜਿੰਦਰ ਸਿੰਘ ਢਿੱਲੋਂ ਵੱਲੋਂ ਲੋਕ ਸਭਾ ਦਫ਼ਤਰ ਵਿਖੇ ਸਿਰੋਪਾ ਪਾ ਕੇ ਸਨਮਾਨ ਕੀਤਾ ਗਿਆ। ਜਿਨ੍ਹਾਂ ਵਿਚ ਹਰਪਾਲ ਜੁਨੇਜਾ ਮੀਡੀਆ ਇੰਚਾਰਜ ਮਾਲਵਾ ਈਸਟ, ਵੀਰਪਾਲ ਕੌਰ ਇੰਚਾਰਜ ਮਾਲਵਾ ਜੋਨ ਮਹਿਲਾ ਵਿੰਗ ਪੰਜਾਬ, ਮੋਹਿੰਦਰ ਮੋਹਨ ਮਾਲਵਾ ਜ਼ੋਨ ਸੇਕਟਰੀ, ਗ਼ਜਨ ਸਿੰਘ ਜ਼ਿਲ੍ਹਾ ਮੀਡੀਆ ਸੈਕਟਰੀ ਪਟਿਆਲਾ, ਪ੍ਰਿੰਸ ਲਾਂਬਾ ਜ਼ਿਲ੍ਹਾ ਮੀਡੀਆ ਇੰਚਾਰਜ ਪਟਿਆਲਾ, ਮੋਹਿਤ ਕੁਕਰੇਜਾ ਜਿਲਾ ਸ਼ੋਸਲ ਮੀਡੀਆ ਇੰਚਾਰਜ ਪਟਿਆਲਾ, ਸੁਮਿਤ ਤਾਕੇਜਾ ਸ਼ੋਸ਼ਲ ਮੀਡੀਆ ਇੰਚਾਰਜ ਪਟਿਆਲਾ, ਸ਼ਵੇਤਾ ਜਿੰਦਲ ਜ਼ਿਲ੍ਹਾ ਮਹਿਲਾ ਵਿੰਗ ਇੰਚਾਰਜ ਪਟਿਆਲਾ ਰੂਰਲ, ਮੋਨਿਕਾ ਸ਼ਰਮਾ ਜਿਲਾ ਮਹਿਲਾ ਵਿੰਗ ਇੰਚਾਰਜ ਪਟਿਆਲਾ ਸ਼ਹਿਰੀ, ਕੁਲ ?ਮੀਤ ਸਿੰਘ ਕੋਹਲੀ ਜਿਲਾ ਸ਼ੋਸਲ ਮੀਡੀਆ ਸੇਕਟਰੀ ਪਟਿਆਲਾ, ਪ੍ਰਿੰਸ ਤਿਆਗੀ ਨਸ਼ਾ ਮੁਕਤੀ ਉਪ ਕੋਆਰਡੀਨੇਟਰ ਪਟਿਆਲਾ, ਜਗਦੀਪ ਸਿੰਘ ਹਲਕਾ ਉਪ ਕੋਆਰਡੀਨੇਟਰ ਪਟਿਆਲਾ ਸਾਮਿਲ ਸਨ। ਇਸ ਮੋਕੇ ਢਿੱਲੋ ਨੇ ਬੋਲਦਿਆ ਨਵੇ ਅਹੁਦੇਦਾਰਾਂ ਨੂੰ ਵਧਾਈ ਦਿੱਤੀ ਅਤੇ ਆਮ ਆਦਮੀ ਪਾਰਟੀ ਦੇ ਸੁਪ੍ਰੀਮੋ ਅਰਵਿੰਦ ਕੇਜਰੀਵਾਲ, ਭਗਵੰਤ ਮਾਨ ਮੁਖ ਮੰਤਰੀ ਪੰਜਾਬ, ਮੁਨੀਸ਼ ਸਿਸੋਦੀਆ ਪ੍ਰਭਾਰੀ ਪੰਜਾਬ, ਪੰਜਾਬ ਪਾਰਟੀ ਪ੍ਰਧਾਨ ਅਮਨ ਅਰੋੜਾ, ਸ਼ੈਰੀ ਕਲਸੀ ਕਾਰਜਕਾਰੀ ਪੰਜਾਬ ਪ੍ਰਧਾਨ ,ਵਿਨੋਦ ਟਾਂਡਾ ਕੌਮੀ ਮੀਡੀਆ ਇੰਚਾਰਜ, ਬਲਤੇਜ ਪੰਨੂ ਇੰਚਾਰਜ ਨਸ਼ਾ ਮੁਕਤੀ ਪੰਜਾਬ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਸੰਗਠਨ ਦੀ ਮਜਬੂਤੀ ਲਈ ਪਾਰਟੀ ਵਰਕਰਾ ਨੂੰ ਇਕਤਰ ਕਰਨ ਤਹਿਤ 2027 ਦੀਆਂ ਵਿਧਾਨ ਸਭਾ ਚੋਣਾ ਦੀਆ ਤਿਆਰੀਆਂ ਲਈ ਵਿਚਾਰ ਵਟਾਂਦਰਾ ਕੀਤਾ ਗਿਆ।

ਉਹਨਾਂ ਕਿਹਾ ਕੀ ਪਾਰਟੀ ਦੇ ਪੁਰਾਣੇ ਟਕਸਾਲੀ ਆਗੂਆਂ ਨੂੰ ਲੋਕ ਸਭਾ ਦਫ਼ਤਰ ਵਿੱਚ ਬੁਲਾ ਕੇ ਉਹਨਾਂ ਦੀਆਂ ਸਮਸਿਆ ਨੂੰ ਹੱਲ ਕਰਨ ਲਈ ਖੋਲ੍ਹਿਆ ਗਿਆ ਹੈ ਅਤੇ ਸਾਰੇ ਟਕਸਾਲੀ ਵਰਕਰਾਂ ਨੂੰ ਜ਼ਿੰਮੇਵਾਰੀਆਂ ਦੇ ਕੇ ਪਾਰਟੀ ਵਿਚ ਕੰਮ ਕਰਨ ਲਈ ਉਤਸ਼ਾਹਿਤ ਕੀਤਾ ਜਾਵੇਗਾ।

ਇਸ ਮੋਕੇ ਅੰਗਰੇਜ਼ ਸਿੰਘ ਰਾਮਗੜ੍ਹ ਮੈਂਬਰ ਸਿਹਤ ਵਿਭਾਗ, ਰਾਜ ਕੁਮਾਰ ਮਿਠਾਰੀਆ ਲੋਕ ਸਭਾ ਆਫਿਸ ਇੰਚਾਰਜ ਪਟਿਆਲਾ, ਕ੍ਰਿਸ਼ਨ ਕੁਮਾਰ ਬਲਾਕ ਪ੍ਰਧਾਨ, ਗੁਰਮੀਤ ਸਿੰਘ, ਪ੍ਰਦੀਪ ਕੁਮਾਰ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਆਹੁਦੇਦਾਰ ਅਤੇ ਵਾਲੰਟੀਅਰ ਹਾਜ਼ਰ ਸਨ।

ਪੰਜਾਬ ਦਾ ਮਾਹੌਲ ਖ਼ਰਾਬ ਕਰਨਾ ਚਾਹਣ ਵਾਲਿਆਂ ਤੋਂ ਸਚੇਤ ਰਹਿਣ ਪੰਜਾਬੀ: ਡਾ. ਬਲਬੀਰ ਸਿੰਘ

ਸਿਹਤ ਮੰਤਰੀ ਨੇ ਅਲਿਮਕੋ' ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਦੇ ਸਹਿਯੋਗ ਨਾਲ ਦਿਵਿਆਂਗ 231 ਲਾਭਪਾਤਰੀਆਂ ਨੂੰ ਸਹਾਇਕ ਉਪਕਰਣ ਵੰਡੇ

ਪਟਿਆਲਾ, 21 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਪੰਜਾਬ ਵਾਸੀਆਂ ਨੂੰ ਸੁਚੇਤ ਕਰਦਿਆਂ ਆਖਿਆ ਹੈ ਕਿ ਕੁੱਝ ਲੋਕ ਪੰਜਾਬ ਦਾ ਮਾਹੌਲ ਖ਼ਰਾਬ ਕਰਨਾ ਚਾਹੁੰਦੇ ਹਨ ਜਿਸ ਲਈ ਪੰਜਾਬੀਆਂ ਨੂੰ ਅਜਿਹੇ ਲੋਕਾਂ ਤੋਂ ਸੁਚੇਤ ਰਹਿਣਾ ਚਾਹੀਦਾ ਹੈ। ਡਾ. ਬਲਬੀਰ ਸਿੰਘ ਨੇ ਅੱਜ ਇੱਥੇ ਪੰਚਾਇਤ ਭਵਨ ਵਿਖੇ 'ਅਲਿਮਕੋ' (ਆਰਟੀਫਿਸ਼ੀਅਲ ਲਿੰਬਸ ਮੈਨੂਫੈਕਚਰਿੰਗ ਕਾਰਪੋਰੇਸ਼ਨ ਆਫ ਇੰਡੀਆ) ਅਤੇ ਜ਼ਿਲ੍ਹਾ ਪ੍ਰਸ਼ਾਸਨ ਦੇ ਸਹਿਯੋਗ ਨਾਲ ਦੀ 25.51 ਲੱਖ ਰੁਪਏ ਦੀ ਲਾਗਤ ਨਾਲ 231 ਦਿਵਿਆਂਗ ਲਾਭਪਾਤਰੀਆਂ ਲਈ ਸਹਾਇਕ ਉਪਕਰਣ ਵੰਡ ਪ੍ਰੋਗਰਾਮ ਦੌਰਾਨ ਕਿਹਾ ਕਿ ਜਿਹੜੀਆਂ ਪਾਰਟੀਆਂ ਦੇ ਆਗੂਆਂ ਨੇ ਪਹਿਲਾਂ ਪੰਜਾਬ ਦਾ ਮਾਹੌਲ ਖਰਾਬ ਕੀਤਾ ਸੀ, ਹੁਣ ਓਹੋ ਦੂਜਿਆਂ ਨੂੰ ਨਸੀਹਤਾਂ ਦੇ ਰਹੇ ਹਨ।

ਸਿਹਤ ਮੰਤਰੀ ਨੇ ਲਾਭਪਾਤਰੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਦਿਵਿਆਂਗ ਵਿਅਕਤੀਆਂ ਨੂੰ ਸਰਕਾਰੀ ਸਹੂਲਤਾਂ ਤੇ ਸਕੀਮਾਂ ਦਾ ਲਾਭ ਪਹੁੰਚਾਉਣ ਲਈ ਵਚਨਬੱਧ ਹੈ ਜਿਸ ਲਈ ਉਹ ਆਪਣੇ ਆਪ ਨੂੰ ਬੇਸਹਾਰਾ ਮਹਿਸੂਸ ਨਾ ਕਰਨ।

ਡਾ ਬਲਬੀਰ ਸਿੰਘ ਨੇ ਕਿਹਾ ਕਿ ਬੱਚਿਆਂ ਤੋਂ ਭੀਖ ਮੰਗਵਾਉਣ ਦੀ ਬੁਰਾਈ ਨੂੰ ਰੋਕਣ ਲਈ ਜਿਹੜੇ ਭਿਖਾਰੀ ਬੱਚਿਆਂ ਤੋਂ ਭੀਖ ਮੰਗਵਾਉਂਦੇ ਹਨ, ਉਹਨਾਂ ਦਾ ਡੀ.ਐੱਨ.ਏ. ਟੈਸਟ ਵੀ ਪਟਿਆਲਾ ਵਿਖੇ ਬਹੁਤ ਜਲਦ ਸ਼ੁਰੂ ਹੋਵੇਗਾ। ਉਨ੍ਹਾਂ ਅੱਗੇ ਕਿਹਾ ਕਿ ਦਿਵਿਆਂਗ ਵਿਅਕਤੀਆਂ ਦੇ ਰੋਜ਼ਾਨਾ ਜੀਵਨ ਅਤੇ ਗਤੀਸ਼ੀਲਤਾ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਜ਼ਰੂਰੀ ਉਪਕਰਣ ਜਿਵੇਂ ਇਲੈਕਟਰਿਕ ਟ ?ਰਾਈਸਾਈਕਲ ਜੋ ਕਿ ਇੱਕ ਵਾਰ ਚਾਰਜ ਕਰਨ ਨਾਲ 50 ਕਿੱਲੋਮੀਟਰ ਦੀ ਦੂਰੀ ਤੈਅ ਕਰਦੀ ਹੈ ਸਮੇਤ ਲੋੜਵੰਦਾਂ ਨੂੰ ਵ ?ਹੀਲਚੇਅਰ, ਕੰਨਾਂ ਦੀਆਂ ਮਸ਼ੀਨਾਂ, ਟ ?ਰਾਈਸਾਈਕਲਾਂ ਅਤੇ ਸਟਿੱਕਾਂ ਦੀ ਵੰਡ ਕੀਤੀ ਗਈ ਹੈ। ਇਹ ਸਾਰੇ ਉਪਕਰਣ ਏ.ਡੀ.ਆਈ.ਪੀ. ਸਕੀਮ ਦੇ ਅਧੀਨ ਅਲਿਮਕੋ ਵੱਲੋਂ ਲਾਭਾਰਥੀਆਂ ਨੂੰ ਵੰਡੇ ਗਏ ਹਨ।

ਉਹਨਾਂ ਕਿਹਾ ਕਿ ਦਿਵਿਆਂਗ ਵਿਅਕਤੀਆਂ ਵਲੋਂ ਇਸ ਗੱਲ ਦੀ ਮੰਗ ਕੀਤੀ ਜਾ ਰਹੀ ਸੀ ਕਿ ਉਹਨਾਂ ਵੱਲੋਂ ਰੋਜ਼ਾਨਾ ਜੀਵਨ ਵਿੱਚ ਆਉਣ-ਜਾਣ ਵਿੱਚ ਬਹੁਤ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ ਅਤੇ ਉਹ ਆਪਣੇ ਆਪ ਨੂੰ ਬਹੁਤ ਬੇਸਹਾਰਾ ਮਹਿਸੂਸ ਕਰ ਰਹੇ ਸਨ, ਜਿਸ ਕਰਕੇ ਇਹਨਾਂ ਉਪਕਰਣਾਂ ਦੀ ਵੰਡ ਕੀਤੀ ਗਈ ਹੈ ਅਤੇ ਖਾਸ ਕਰਕੇ ਬਿਜਲਈ ਟਰਾਈਸਾਇਕਲ ਇਨ੍ਹਾਂ ਦੇ ਬਹੁਤ ਕੰਮ ਆਵੇਗੀ। ਉਹਨਾਂ ਕਿਹਾ ਕਿ ਅਸੀਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਹੈ ਕਿ ਸਰਕਾਰੀ ਸਕੀਮਾਂ ਦਾ ਹਰੇਕ ਲਾਭਪਾਤਰੀ ਨੂੰ ਪੂਰਾ ਲਾਭ ਮਿਲਣਾ ਚਾਹੀਦਾ ਹੈ।

ਡਾ. ਬਲਬੀਰ ਸਿੰਘ ਨੇ ਵਲੰਟੀਅਰਾਂ ਦੀ ਸ਼ਲਾਘਾ ਕਰਦਿਆਂ ਉਹਨਾਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਸਰਕਾਰ ਹਰੇਕ ਲੋੜਵੰਦ ਵਿਅਕਤੀ ਦੀ ਬਾਂਹ ਫੜੇਗੀ ਅਤੇ ਹਰ ਤਰ੍ਹਾਂ ਦੀ ਮਦਦ ਕਰ ਰਹੀ ਹੈ।ਉਹਨਾਂ ਕਿਹਾ ਕਿ ਹਰੇਕ ਵਿਅਕਤੀ ਨੂੰ ਦਸਵੰਧ ਕੱਢ ਕੇ ਲੋੜਵੰਦਾਂ ਦੀ ਸਹਾਇਤਾ ਜ਼ਰੂਰ ਕਰਨੀ ਚਾਹੀਦੀ ਹੈ ਅਤੇ ਉਹ ਖੁਦ ਵੀ ਆਪਣੀ ਦਸਾਂ ਨਹੁੰਆਂ ਦੀ ਕਿਰਤ ਵਿੱਚੋਂ ਵੱਧ ਤੋਂ ਵੱਧ ਗਰੀਬ ਲੋੜਵੰਦ ਲੋਕਾਂ ਦੀ ਘਰਾਂ ਦੀ ਮੁਰੰਮਤ ਵੀ ਕਰਵਾਉਣਗੇ। ਉਹਨਾਂ ਨੇ ਇਸ ਮੌਕੇ ਸਰਕਾਰ ਦੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ', 'ਡੋਂਗੂ ਉੱਤੇ ਵਾਰ' ਆਦਿ ਦਾ ਜਿਕਰ ਕਰਦਿਆਂ ਦੱਸਿਆ ਕਿ ਉਹ ਹੜ੍ਹਾਂ ਤੋਂ ਬਚਾਅ ਸਬੰਧੀ ਯੋਜਨਾਵਾਂ ਦਾ ਵੀ ਆਪ ਨਿਰੀਖਣ ਕਰ ਰਹੇ ਹਨ। ਇਸ ਮੌਕੇ ਏਡੀਸੀ ਨਵਰੀਤ ਕੌਰ ਸੇਖੋਂ, ਅਲਿਮਕੋ ਵਲੋਂ ਅਲੋਕ ਸ਼ਾਹੂ, ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਜੋਬਨਦੀਪ ਕੌਰ ਚੀਮਾ, ਜਸਬੀਰ ਸਿੰਘ ਗਾਂਧੀ, ਜੈ ਸ਼ੰਕਰ, ਸੁਰੇਸ਼ ਰਾਏ, ਗੱਜਣ ਸਿੰਘ, ਮੋਹਿਤ ਕੁਮਾਰ, ਮੁਕਤਾ ਗੁਪਤਾ, ਦਵਿੰਦਰ ਕੌਰ, ਡੀਸੀ ਖਰੌੜ, ਹਰਪਾਲ ਪਾਲੀ, ਰੁਪਾਣਾ, ਮਨਵੀਰ ਸਿੰਘ ਵਿਰਕ, ਗੁਰਮੇਲ ਸਿੰਘ ਸਮੇਤ ਹੋਰ ਵੀ ਪਤਵੰਤੇ ਹਾਜ਼ਰ ਸਨ।

31 ਜੁਲਾਈ ਤੱਕ ਛੁੱਟੀ ਵਾਲੇ ਦਿਨ ਵੀ ਖੁੱਲਾ ਰਹੇਗਾ ਨਗਰ ਨਿਗਮ

ਪਟਿਆਲਾ, 21 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਬੀਤੇ ਦਿਨੀਂ ਮੇਅਰ ਕੁੰਦਨ ਗੋਗੀਆ ਅਤੇ ਕਮਿਸ਼ਨਰ ਨਗਰ ਨਿਗਮ ਪਰਮਵੀਰ ਸਿੰਘ ਨੇ ਲੋਕਾਂ ਨੂੰ ਪੰਜਾਬ ਸਰਕਾਰ ਦੀ ਵਨ ਟਾਈਮ ਸੈਟਲਮੈਂਟ ਸਕੀਮ ਦਾ ਲਾਭ ਲੈਣ ਦੀ ਅਪੀਲ ਕੀਤੀ। ਉਨਾਂ ਕਿਹਾ ਕਿ ਨਗਰ ਨਿਗਮ ਵੱਲੋਂ ਬਿਨਾ ਪੈਨੇਲਟੀ ਪ੍ਰਾਪਟੀ ਟੈਕਸ ਭਰਨ ਸਬੰਧੀ ਲੋਕਾਂ ਦੀ ਸੁਵਿਧਾ ਲਈ ਇੱਕ ਹੋਰ ਵੱਡਾ ਫੈਸਲਾ ਲੈਂਦਿਆ ਨਿਗਮ ਦਫਤਰ 31 ਜੁਲਾਈ ਤੱਕ ਛੁੱਟੀ ਵਾਲੇ ਦਿਨ ਵੀ ਖੁੱਲ੍ਹਾ ਰਹੇਗਾ। ਇਸ ਨਾਲ ਉਹ ਲੋਕ ਜੋ ਹਫਤੇ ਦੇ ਦਿਨਾਂ ਦੌਰਾਨ ਆਪਣੇ ਕੰਮ ਕਰ ਕੇ ਦਫਤਰ ਨਹੀਂ ਆ ਸਕਦੇ, ਉਹ ਵੀ ਸ਼ਨੀਚਰ, ਐਤਵਾਰ ਜਾਂ ਹੋਰ ਵਿਸ਼ੇਸ਼ ਦਿਨ ਵੀ ਟੈਕਸ ਭਰ ਸਕਣਗੇ। ਇਸ ਮੌਕੇ ਉਨਾਂ ਨਾਲ ਸਹਾਇਕ ਕਮਿਸ਼ਨਰ ਰਵਦੀਪ ਸਿੰਘ ਵੀ ਵਿਸ਼ੇਸ਼ ਤੌਰ ਤੇ ਮੌਜੂਦ ਸਨ।

ਪਟਿਆਲਾ ਦੇ ਮੇਅਰ ਕੁੰਦਨ ਗੋਗੀਆ ਅਤੇ ਕਮਿਸ਼ਨਰ ਨਗਰ ਪਰਮਵੀਰ ਸਿੰਘ ਨੇ ਸਾਂਝੇ ਤੌਰ ਤੇ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਉਹ 31 ਜੁਲਾਈ ਤੋਂ ਪਹਿਲਾਂ ਹੀ ਬਿਨਾਂ ਪੈਨੇਲਟੀ ਆਪਣਾ ਪ੍ਰਾਪਰਟੀ ਟੈਕਸ ਜਰੂਰ ਭਰਣ, ਤਾਂ ਜੋ ਬਾਅਦ ਵਿੱਚ ਉਨ੍ਹਾਂ ਨੂੰ ਕੋਈ ਪੈਨਲਟੀ ਨਾ ਦੇਣੀ ਪਵੇ ਅਤੇ ਜਿਨ੍ਹਾਂ ਲੋਕਾਂ ਨੇ ਹਾਲੇ ਤੱਕ ਆਪਣੇ ਟੈਕਸ ਦੀ ਅਦਾਇਗੀ ਨਹੀਂ ਕੀਤੀ, ਉਹ ਵੀ ਆਸਾਨੀ ਨਾਲ ਇਹ ਜਿੰਮੇਵਾਰੀ ਪੂਰੀ ਕਰ ਸਕਣ।

ਉਨ੍ਹਾਂ ਨੇ ਕਿਹਾ ਕਿ ਟੈਕਸ ਰਾਸ਼ੀ ਸ਼ਹਿਰ ਦੇ ਵਿਕਾਸ ਲਈ ਵਰਤੀ ਜਾਂਦੀ ਹੈ, ਇਸ ਲਈ ਹਰੇਕ ਸ਼ਹਿਰੀ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਆਪਣਾ ਯੋਗਦਾਨ ਪਾਵੇ।

ਹੋਰ ਆਖਦਿਆ ਮੇਅਰ ਕੁੰਦਨ ਗੋਗੀਆ ਨੇ ਕਿਹਾ ਕਿ ਨਗਰ ਨਿਗਮ ਦਫਤਰ ਵਿੱਚ ਟੈਕਸ ਭਰਨ ਲਈ ਵਧੀਆ ਪ੍ਰਬੰਧ ਕੀਤੇ ਗਏ ਹਨ। ਕਾਊਂਟਰ ਵਧਾਏ ਗਏ ਹਨ ਅਤੇ ਆਨਲਾਈਨ ਭੁਗਤਾਨ ਦੀ ਵੀ ਸਹੂਲਤ ਉਪਲੱਬਧ ਕਰਵਾਈ ਗਈ ਹੈ। ਜੋ ਲੋਕ ਘਰ ਬੈਠਿਆਂ ਆਪਣਾ ਟੈਕਸ ਭਰਨਾ ਚਾਹੁੰਦੇ ਹਨ, ਉਹ ਨਗਰ ਨਿਗਮ ਦੀ ਆਧਿਕਾਰਿਕ ਵੈੱਬਸਾਈਟ ਰਾਹੀਂ ਵੀ ਭੁਗਤਾਨ ਕਰ ਸਕਦੇ ਹਨ। ਮੇਅਰ ਨੇ ਕਿਹਾ ਕਿ ਇਹ ਮੁਹਿੰਮ ਨਗਰ ਨਿਗਮ ਵਲੋਂ ਲੋਕ ਭਲਾਈ ਦੀ ਦਿਸ਼ਾ ਵਿੱਚ ਇੱਕ ਵਧੀਆ ਕੋਸ਼ਿਸ਼ ਹੈ। ਇਸ ਨਾਲ ਨਾਗਰਿਕਾਂ ਨੂੰ ਆਰਥਿਕ ਰਾਹਤ ਮਿਲੇਗੀ ਅਤੇ ਸ਼ਹਿਰ ਦੀ ਵਿਕਾਸ ਯੋਜਨਾ ਵਿੱਚ ਤੇਜ਼ੀ ਆਵੇਗੀ।

ਮੀਡਿਏਸ਼ਨ ਫਾਰ ਨੇਸ਼ਨ ਮੁਹਿੰਮ ਤਹਿਤ ਆਪਸੀ ਰਾਜ਼ੀਨਾਮੇ ਨਾਲ ਵਸਿਆ ਘਰ

ਬਰਨਾਲਾ, 21 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਕੌਮੀ ਕਾਨੂੰਨੀ ਸੇਵਾਵਾਂ ਅਥਾਰਟੀ, ਨਵੀਂ ਦਿੱਲੀ ਅਤੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐਸ.ਏ.ਐਸ. ਨਗਰ ਵਲੋਂ ਚਲਾਏ ਜਾ ਰਹੇ 90 ਦਿਨਾਂ ਮੀਡਿਏਸ਼ਨ ਕੰਪੇਨ— ਮੀਡਿਏਸ਼ਨ ਫਾਰ ਨੇਸ਼ਨ ਦੇ ਤਹਿਤ ਸ੍ਰੀ ਮਦਨ ਲਾਲ, ਮਾਨਯੋਗ ਸੱਕਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਬਰਨਾਲਾ ਅਤੇ ਮੁਹਿੰਮ ਦੇ ਮੀਡਿਏਟਰ ਸ੍ਰੀ ਦੀਪਕ ਰਾਏ ਜਿੰਦਲ ਦੇ ਯਤਨਾਂ ਸਦਕਾ ਇਕ ਘਰ ਮੁੜ ਵੱਸ ਗਿਆ।

ਇਸ ਮੌਕੇ ਮੀਡੀਏਸ਼ਨ ਸੈਂਟਰ ਬਰਨਾਲਾ ਵਿੱਚ ਸ਼ ?ਰੀ ਦੀਪਕ ਰਾਏ ਜਿੰਦਲ ਵਲੋਂ ਦੱਸਿਆ ਗਿਆ ਕਿ ਰਾਧਿਕਾ ਅਤੇ ਪ੍ਰਿੰਸ ਗੋਇਲ ਵਿੱਚ ਪਿਛਲੇ ਲਗਭਗ ਇੱਕ ਸਾਲ ਤੋਂ ਆਪਸੀ ਅਣਬਣ ਚੱਲ ਰਹੀ ਸੀ। ਇਸ ਸਬੰਧੀ ਉਕਤ ਦੋਨਾਂ ਵੱਲੋਂ ਅਦਾਲਤ ਵਿੱਚ ਇੱਕ ਦੂਸਰੇ ਦੇ ਖਿਲਾਫ ਕੇਸ ਵੀ ਦਾਇਰ ਕੀ

ਯਿਸੂ ਮਸੀਹ ਦੇ ਮੁਢਲੇ ਵਰ੍ਹੇ

ਈਸਾਈ ਧਰਮ ਦੇ ਬਾਨੀ ਯਿਸੂ ਮਸੀਹ ਦੇ ਬਚਪਨ ਦੇ ਉਹ ਅਦਭੁੱਤ 18 ਸਾਲ, ਜਿਨ੍ਹਾਂ ਦੇ ਵੇਰਵੇ ਪਵਿੱਤਰ ਬਾਈਬਲ ਵਿਚ ਨਹੀਂ ਮਿਲਦੇ।

(ਆਧਾਰ/ਸਰੋਤ - ਇੰਗਲੈਂਡ ਦੇ 'ਬਾਈਬਲ ਡੌਟ ਔਰਗ ਡੌਟ ਯੂ.ਕੇ.' ਵੱਲੋਂ ਪ੍ਰਕਾਸ਼ਿਤ 1,262 ਪੰਨਿਆਂ ਦੀ ਵਿਸ਼ਵ ਪ੍ਰਸਿੱਧ ਪੁਸਤਕ 'ਯੂਰੈਂਸ਼ੀਆ', ਜੋ ਪਹਿਲੀ ਵਾਰ 1925 ਤੋਂ ਲੈ ਕੇ 1955 ਦੌਰਾਨ ਕਿਸੇ ਵੇਲੇ ਅਮਰੀਕੀ ਸੂਬੇ ਇਲੀਨੋਇ ਦੇ ਸ਼ਹਿਰ ਸ਼ਿਕਾਗੋ 'ਚ ਸਾਹਮਣੇ ਆਈ ਸੀ)

ਪਵਿੱਤਰ ਬਾਈਬਲ ਵਿਚ ਕੇਵਲ ਲੂਕਾ ਦੀ ਇੰਜੀਲ ਦੇ ਦੂਜੇ ਅਧਿਆਇ ਦੀ 41ਵੀਂ ਆਇਤ ਤੋਂ ਲੈ ਕੇ 52ਵੀਂ ਆਇਤ ਤਕ ਵਿਚ ਹੀ ਈਸਾਈ ਧਰਮ ਦੇ ਬਾਨੀ ਯਿਸੂ ਮਸੀਹ ਦੇ ਬਚਪਨ ਦੇ ਵੇਰਵੇ ਮੌਜੂਦ ਹਨ, ਜਦੋਂ ਉਹ 12 ਸਾਲਾਂ ਦੇ ਸਨ। ਉਸ ਤੋਂ ਬਾਅਦ 30 ਸਾਲ ਦੀ ਉਮਰ ਹੋਣ ਤਕ ਭਾਵ 18 ਸਾਲਾਂ ਦੇ ਕਿਤੇ ਕੋਈ ਵੇਰਵੇ ਨਹੀਂ ਮਿਲਦੇ। ਉਨ੍ਹਾਂ ਦੀ ਮਾਂ ਮਰੀਅਮ ਤੇ ਪਿਤਾ ਯੂਸਫ਼ ਧਾਰਮਿਕ ਸਨ, ਇਸੇ ਲਈ ਉਹ ਫ਼ਸਹ ਦੇ ਤਿਉਹਾਰ ਵੇਲੇ ਨਾਸਰਤ ਤੋਂ 146 ਕਿਲੋਮੀਟਰ ਦੂਰ ਯੇਰੂਸ਼ਲੇਮ ਤਕ ਪੈਦਲ ਜਾਂ ਖੱਚਰਾਂ 'ਤੇ ਜਾਇਆ ਕਰਦੇ ਸਨ। ਉੱਥੇ ਅਸੀਂ ਵੇਖਦੇ ਹਾਂ ਕਿ ਯਿਸੂ ਮਸੀਹ 10 ਹੁਕਮਾਂ ਵਿੱਚੋਂ ਪੰਜਵੇਂ ਹੁਕਮ ਅਨੁਸਾਰ ਆਪਣੇ ਮਾਤਾ-ਪਿਤਾ ਦੀ ਆਗਿਆ ਦੀ ਪੂਰੀ ਤਰ੍ਹਾਂ ਪਾਲਣਾ ਕਰਦੇ ਸਨ। ਯੇਰੂਸਲੇਮ ਦੇ ਉਸ ਧਾਰਮਿਕ ਸਥਾਨ ਵਿਚ ਛੋਟੇ ਬਾਲਕ ਯਿਸੂ ਨੇ ਵਿਦਵਾਨਾਂ ਨੂੰ ਉਸ ਵੇਲੇ ਦੇ ਧਰਮ-ਗ੍ਰੰਥਾਂ ਦੇ ਗੂੜ੍ਹ ਗਿਆਨ ਦੀਆਂ ਗੱਲਾਂ ਸੁਣਾ ਕੇ ਹੈਰਾਨ ਕੀਤਾ ਸੀ। ਕਿਸੇ ਨੂੰ ਇਹ ਸਮਝ ਨਹੀਂ ਆ ਰਹੀ ਸੀ ਕਿ ਆਖ਼ਰ ਇਹ ਬੱਚਾ ਇੰਨੀ ਸਮਝਦਾਰੀ ਨਾਲ ਇਹ ਸਾਰੀਆਂ ਗੱਲਾਂ ਕਿਵੇਂ ਦੱਸ ਰਿਹਾ ਹੈ।

ਜੇ ਸਾਲ 2017 ਨੂੰ ਆਧਾਰ-ਸਾਲ ਮੰਨ ਲਈਏ, ਤਾਂ ਉਨ੍ਹਾਂ ਦਾ ਜਨਮ (ਅਨੁਮਾਨਤ) 2021 ਵਰ੍ਹੇ ਪਹਿਲਾਂ ਭਾਵ 4 ਵਰ੍ਹੇ ਈਸਾ ਪੂਰਵ (ਬੀ.ਸੀ.) ਹੋਇਆ ਸੀ। ਇਸ ਬਾਰੇ ਵਿਦਵਾਨ ਇੱਕਮਤ ਨਹੀਂ ਹਨ ਕਿਉਂਕਿ ਕੁਝ ਖੋਜਕਾਰ ਉਨ੍ਹਾਂ ਦੇ ਜਨਮ ਦਾ ਸਾਲ 6 ਬੀ.ਸੀ. ਵੀ ਮੰਨਦੇ ਹਨ ਪਰ ਜ਼ਿਆਦਾਤਰ ਵਿਦਵਾਨਾਂ ਨੇ ਉਨ੍ਹਾਂ ਦੇ ਵਿਚਕਾਰ ਦਾ ਕੋਈ ਇਕ ਸਾਲ ਭਾਵ 4 ਬੀ.ਸੀ. ਮੰਨ ਲਿਆ ਹੈ। ਹੁਣ 4 ਬੀ.ਸੀ. ਤੋਂ ਲੈ ਕੇ ਸੰਨ 8 ਤਕ ਯਿਸੂ ਮਸੀਹ 12 ਵਰ੍ਹਿਆਂ ਦੇ ਹੋ ਗਏ ਸਨ, ਜਿਸ ਦਾ ਵੇਰਵਾ ਸਾਨੂੰ 'ਲੂਕਾ' ਇੰਜੀਲ ਦੇ ਦੂਜੇ ਅਧਿਆਇ ਵਿਚ ਮਿਲਦਾ ਹੈ। ਪਰ ਸੰਨ 26 ਈਸਵੀ ਤਕ ਯਿਸੂ ਮਸੀਹ ਦਾ ਜੀਵਨ

ਕਿਹੋ ਜਿਹਾ ਸੀ, ਇਸ ਬਾਰੇ ਕਿਤੋਂ ਵੀ ਕੁਝ ਪਤਾ ਨਹੀਂ ਲੱਗਦਾ। ਪਰ ਵਿਸ਼ਵ ਪ੍ਰਸਿੱਧ ਪੁਸਤਕ 'ਯੂਰੈਂਸ਼ੀਆ' ਉਨ੍ਹਾਂ 18 ਸਾਲਾਂ ਬਾਰੇ ਵੀ ਦੱਸਦੀ ਹੈ - ਜੋ ਇਸ ਪ੍ਰਕਾਰ ਹੈ :

ਮਾਂ ਮਰੀਅਮ ਨੂੰ ਉਸ ਵੇਲੇ ਹਾਕਮਾਂ ਦੇ ਤਾਨਾਸ਼ਾਹੀ ਹੁਕਮਾਂ ਤੋਂ ਡਰ ਲੱਗਦਾ ਸੀ ਕਿਉਂਕਿ ਉਹ ਨਹੀਂ ਚਾਹੁੰਦੇ ਸਨ ਕਿ ਉਨ੍ਹਾਂ ਦੇ ਨਿੱਕੇ ਬੱਚੇ ਯਿਸੂ ਨੂੰ ਕੁਝ ਹੋਵੇ। ਇਸੇ ਲਈ ਉਹ ਜਦੋਂ ਤਕ ਅਲੈਕਸਾਂਦਰੀਆ ਨਾਂ ਦੇ ਸਥਾਨ 'ਤੇ ਜਾ ਕੇ ਸੁਰੱਖਿਅਤ ਰੂਪ ਵਿਚ ਨਾ ਰਹਿਣ ਲੱਗੇ, ਤਦ ਤਕ ਉਨ੍ਹਾਂ ਨੇ ਯਿਸੂ ਨੂੰ ਆਪਣਾ ਹੀ ਦੁੱਧ ਪਿਲਾਇਆ ਤਾਂ ਜੋ ਜੇ ਕਿਤੇ ਹੰਗਾਮੀ ਹਾਲਾਤ ਵਿਚ ਨੱਸਣਾ ਪਵੇ, ਤਾਂ ਬੱਚੇ ਨੂੰ ਖ਼ੁਰਾਕ ਦੀ ਕੋਈ ਸਮੱਸਿਆ ਨਾ ਹੋਵੇ। ਇਸ ਦੌਰਾਨ ਨਿੱਕੇ ਯਿਸੂ ਦੇ ਪਿਤਾ ਯੂਸਫ਼ ਨੇ ਕਈ ਮਹੀਨਿਆਂ ਤਕ ਤਾਂ ਤਰਖਾਣ ਵਜੋਂ ਹੀ ਕੰਮ ਕੀਤਾ ਪਰ ਬਾਅਦ 'ਚ ਉਨ੍ਹਾਂ ਨੂੰ ਇਕ ਸਰਕਾਰੀ ਇਮਾਰਤ ਵਿਚ ਕੰਮ ਕਰਦੇ ਮੁਲਾਜ਼ਮਾਂ ਦੀ ਨਿਗਰਾਨੀ ਭਾਵ ਸੁਪਰਵਾਈਜ਼ਰ ਦੀ ਨੌਕਰੀ ਮਿਲ ਗਈ ਸੀ। ਕੁਝ ਸਮੇਂ ਬਾਅਦ ਨਾਸਰਤ ਪਰਤਣ 'ਤੇ ਉਹ ਆਪਣੀ ਨਿਗਰਾਨੀ ਵਿਚ ਇਮਾਰਤਾਂ ਦੀ ਉਸਾਰੀ ਕਰਵਾਉਣ ਵਾਲੇ ਠੇਕੇਦਾਰ ਬਣ ਗਏ ਸਨ (ਯੂਰੈਂਸ਼ੀਆ 123:0.1)

...ਜਾਰੀ

ਅਨੁਵਾਦ -ਮਹਿਤਾਬ-ਉਦ-ਦੀਨ

ਗੁਰਦੁਆਰਾ ਟਾਹਲੀ ਸਾਹਿਬ ਪਾਤਸ਼ਾਹੀ ਦਸਵੀਂ

ਪੰਜਾਬ ਦੇ ਜ਼ਿਲ੍ਹਾ ਲੁਧਿਆਣਾ ਦਾ ਇਤਿਹਾਸਕ ਪਿੰਡ ਰਤਨ ਆਪਣੀ ਮਿੱਟੀ ਵਿਚ ਵਿਸ਼ੇਸ਼ ਇਤਿਹਾਸ ਲੁਕਾਈ ਬੈਠਾ ਹੈ। ਇਸ ਨਗਰ ਨੂੰ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੀ ਚਰਨਛੋਹ ਪ੍ਰਾਪਤ ਹੈ। ਇਤਿਹਾਸ ਤੱਥ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਗਨੀ ਖਾਂ, ਨਬੀ ਖਾਂ ਦੋਵੇਂ ਭਰਾਵਾਂ ਤੇ ਪੰਜ ਪਿਆਰਿਆਂ ਵਿੱਚੋਂ ਭਾਈ ਦਇਆ ਸਿੰਘ ਤੇ ਧਰਮ ਸਿੰਘ ਨਾਲ ਆਲਮਗੀਰ ਤੋਂ ਚਾਲੇ ਪਾ ਕੇ ਪਿੰਡ ਦੁਲੈਂ ਜਿੱਥੇ ਕਿ ਹੁਣ ਗੁਰਦੁਆਰਾ ਫਲਾਹੀ ਸਾਹਿਬ ਹੈ, ਪਹੁੰਚੇ। ਇਥੋਂ ਗੁਰੂ ਜੀ ਘੋੜੇ 'ਤੇ ਸਵਾਰ ਹੋ ਕੇ ਹੋਰ ਸਿੰਘਾਂ ਸਮੇਤ ਪਿੰਡ ਰਤਨ ਜਿੱਥੇ ਹੁਣ ਇਹ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ ਪਹੁੰਚੇ। 1761 ਈ : ਪੋਹ ਦੀ 16-17 ਦੀ ਦਰਮਿਆਨੀ ਰਾਤ ਉਹ ਇਥੇ ਠਹਿਰੇ।

ਇਥੇ ਗੁਰੂ ਜੀ ਨੇ ਪਿੰਡ ਕਿਲ੍ਹਾ ਰਾਏਪੁਰ ਦੇ ਸਰਦਾਰਾਂ ਨੂੰ ਮਿਲਣ ਲਈ ਸੱਦਿਆ ਪਰ ਸਰਦਾਰ ਨਾ ਆਏ। ਜਦੋਂ ਕਿਲ੍ਹਾ ਰਾਏਪੁਰ ਦੀਆਂ ਬੀਬੀਆਂ ਨੂੰ ਪਤਾ ਲੱਗਾ ਕਿ ਸਾਡੇ ਸਰਦਾਰ ਗੁਰੂ ਸਾਹਿਬ ਦੇ ਸੱਦੇ 'ਤੇ ਨਹੀਂ ਗਏ ਤਾਂ ਉਨ੍ਹਾਂ ਨੇ ਸਰਦਾਰਾਂ ਨੂੰ ਬਹੁਤ ਲਾਹਨਤਾਂ ਪਾਈਆਂ। ਬੀਬੀਆਂ ਨੇ ਭੁੱਲ ਬਖਸਾਉਣ ਲਈ ਸ਼ਰਧਾ ਨਾਲ ਪ੍ਰਸ਼ਾਦਾ ਤਿਆਰ ਕਰ ਕੇ ਗੁਰਦੁਆਰਾ

(ਟਾਹਲੀ ਸਾਹਿਬ) ਪਿੰਡ ਰਤਨ ਪਹੁੰਚੀਆਂ। ਗੁਰੂ ਜੀ ਅੱਗੇ ਪ੍ਰਸ਼ਾਦਾ ਰੱਖ ਕੇ ਭੁੱਲ ਬਖਸਾਉਣ ਲੱਗੀਆਂ। ਗੁਰੂ ਜੀ ਨੇ ਪ੍ਰੇਮ ਨਾਲ ਬੀਬੀਆਂ ਨੂੰ ਬਿਠਾਇਆ ਤੇ ਉਨ੍ਹਾਂ ਤੋਂ ਲੰਗਰ ਛਕਿਆ। ਗੁਰੂ ਜੀ ਨੇ ਬੀਬੀਆਂ ਦੀ ਸ਼ਰਧਾ ਤੇ ਪ੍ਰੇਮ ਦੇਖ ਕੇ ਅਸ਼ੀਰਵਾਦ ਦਿੱਤਾ ਕਿ ਤੁਹਾਡੀਆਂ ਸਰਦਾਰੀਆਂ ਜੁਗੋ-ਜੁਗ ਕਾਇਮ ਰਹਿਣਗੀਆਂ।

ਗੁਰੂ ਜੀ ਨੇ ਜਦੋਂ ਇਸ ਜਗ੍ਹਾ ਤੋਂ ਅੱਗੇ ਜਾਣ ਦੀ ਤਿਆਰੀ ਕੀਤੀ ਤਾਂ ਪਿੰਡ ਰਤਨ ਦੀਆਂ ਸੰਗਤਾਂ ਨੇ ਬੇਨਤੀ ਕੀਤੀ ਕਿ ਗੁਰੂ ਜੀ ਇਸ ਜਗ੍ਹਾ ਨੂੰ ਕੋਈ ਯਾਦਗਾਰ ਬਖਸਿਸ ਕਰੋ। ਗੁਰੂ ਜੀ ਨੇ ਖ਼ੁਸ਼ ਹੋ ਕੇ ਟਾਹਲੀ ਦੀ ਦਾਤਣ ਮੰਗਵਾਈ ਤੇ ਪੰਜ ਰਗੜੇ ਮਾਰ ਕੇ ਇਥੇ ਗੱਡ ਦਿੱਤੀ ਜੋ ਕਿ ਗੁਰੂ ਜੀ ਦੀ ਬਖਸਿਸ ਨਾਲ ਪ੍ਰਫੁਲਿਤ ਹੋਈ। ਸਮੇਂ ਅਨੁਸਾਰ ਜ਼ਾਲਮਾਂ ਨੇ ਇਸ ਟਾਹਲੀ ਸਾਹਿਬ ਨੂੰ ਪੁੱਟਣ ਦੀ ਕੋਸ਼ਿਸ਼ ਕੀਤੀ ਪਰ ਉਨ੍ਹਾਂ ਨੂੰ ਇਸ ਦੀ ਜੜ੍ਹ ਹੀ ਨਾ ਲੱਭੀ। ਉਹ ਟਾਹਲੀ ਸਾਹਿਬ ਨੂੰ ਪੁਟਦੇ ਅੰਨ੍ਹੇ, ਕੋਹੜੀ ਹੋ ਗਏ ਤੇ ਕਈਆਂ ਨੂੰ ਅਧਰੰਗ ਹੋ ਗਿਆ। ਉਨ੍ਹਾਂ ਦੇ ਸਰੀਰ ਫਿੱਟ ਗਏ ਤੇ ਕੁੱਝ ਸਮੇਂ ਮਗਰੋਂ ਮਰ ਗਏ। ਗੁਰੂ ਜੀ ਦੀ ਆਪਣੇ ਹੱਥੀਂ ਲਗਾਈ ਨਿਸ਼ਾਨੀ ਅਜੇ ਵੀ ਟਾਹਲੀ ਸਾਹਿਬ ਦੇ ਰੂਪ ਵਿਚ ਮੌਜੂਦ ਹੈ। ਜਿਸ ਜਗ੍ਹਾ ਗੁਰੂ ਜੀ ਨੇ ਵਿਸ਼ਰਾਮ ਕੀਤਾ ਉਸ ਸਮੇਂ ਉਥੇ ਇਕ ਛੱਪੜੀ ਸੀ ਜਿਸ ਦਾ ਪਾਣੀ ਬਹੁਤ ਠੰਢਾ ਤੇ ਸਾਫ਼ ਸੀ, ਜੋ ਕਦੇ ਵੀ ਨਹੀਂ ਸੁੱਕਦੀ ਸੀ। ਗੁਰੂ ਜੀ ਨੇ ਛੱਪੜੀ ਵਿਚ ਇਸਨਾਨ ਕਰ ਕੇ ਵਰ ਦਿੱਤਾ ਕਿ ਜਿਹੜਾ ਵੀ ਇਥੇ ਇਸਨਾਨ ਕਰੇਗਾ, ਉਸ ਦੇ ਸਾਰੇ ਰੋਗ ਕੱਟੇ ਜਾਣਗੇ ਤੇ ਮਨੋ-ਕਾਮਨਾਵਾਂ ਪੂਰੀਆਂ ਹੋਣਗੀਆਂ। ਇਸ ਜਗ੍ਹਾ ਹੁਣ ਗੁਰਦੁਆਰਾ ਬਾਉਲੀ ਸਾਹਿਬ ਹੈ। ਇਸ ਬਾਉਲੀ ਸਾਹਿਬ ਵਿਚ ਕਿਸੇ ਕਿਸਮ ਦਾ ਕੋਈ ਰੋਗੀ ਸ਼ਰਧਾ ਨਾਲ ਇਸ਼ਨਾਨ ਕਰਦਾ ਹੈ ਉਸ ਦੇ ਸਾਰੇ ਰੋਗ ਨਸ਼ਟ ਹੋ ਜਾਂਦੇ ਹਨ।

• ਤਸਵਿੰਦਰ ਸਿੰਘ ਬੜੈਚ
ਮੋਬਾਈਲ 98763-22677

ਜਿਸ ਡਿਠੈ ਸਭਿ ਦੁਖ ਜਾਇ
ਗੁਰੂ ਹਰਿਕ੍ਰਿਸ਼ਨ ਜੀ

ਅੱਠਵੇਂ ਸਤਿਗੁਰੂ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਗੁਰਗੱਦੀ ਉੱਤੇ ਬੈਠਣ ਵਾਲੇ ਸਭ ਤੋਂ ਘੱਟ ਉਮਰ ਅਤੇ ਸਭ ਤੋਂ ਘੱਟ ਸਮੇਂ ਤੀਕ ਗੁਰਗੱਦੀ ਉੱਤੇ ਰਹਿਣ ਵਾਲੇ ਗੁਰੂ ਸਾਹਿਬਾਨ ਹੋਏ ਹਨ। ਸੱਤਵੇਂ ਗੁਰੂ ਹਰਿਰਾਏ ਸਾਹਿਬ ਨੇ ਆਪਣੇ ਵੱਡੇ ਪੁੱਤਰ ਰਾਮ ਰਾਏ ਨੂੰ ਗੁਰਬਾਣੀ ਵਿਚ ਇਕ ਸ਼ਬਦ ਦੀ ਤਬਦੀਲੀ ਕਰਨ ਬਦਲੇ ਕੇਵਲ ਗੁਰਗੱਦੀ ਤੋਂ ਹੀ ਵਾਂਝਾ ਨਹੀਂ ਕੀਤਾ ਸਗੋਂ ਸਿੱਖੀ ਵਿੱਚੋਂ ਵੀ ਖਾਰਜ ਕਰ ਦਿੱਤਾ ਸੀ। ਇਸ ਕਰਕੇ ਉਨ੍ਹਾਂ ਨੇ ਆਪਣੇ ਛੋਟੇ ਪੁੱਤਰ ਸ੍ਰੀ ਹਰਿਕ੍ਰਿਸ਼ਨ ਸਾਹਿਬ ਨੂੰ ਗੁਰਗੱਦੀ ਦੀ ਬਖਸ਼ਿਸ਼ ਕਰਨ ਦਾ ਮਨ ਬਣਾਇਆ। ਇਨ੍ਹਾਂ ਦਾ ਜਨਮ 7 ਜੁਲਾਈ, 1656 ਨੂੰ ਕੀਰਤਪੁਰ ਸਾਹਿਬ ਵਿਖੇ ਮਾਤਾ ਸੁਲੱਖਣੀ ਜੀ ਦੀ ਕੁੱਖੋਂ ਹੋਇਆ। ਗੁਰੂ ਜੀ ਨੇ ਇਹ ਸਿੱਧ ਕਰ ਦਿੱਤਾ ਕਿ ਗੁਰੂ ਨਾਨਕ ਦੀ ਗੱਦੀ ਉੱਤੇ ਬੈਠਣ ਲਈ ਉਮਰ ਨਹੀਂ ਸਗੋਂ ਗੁਣਾਂ ਦੀ ਪਰਖ ਦੇਣੀ ਪੈਂਦੀ ਹੈ।

ਗੁਰੂ ਸਾਹਿਬ ਨੂੰ ਗੱਦੀ ਉੱਤੇ ਬੈਠਦਿਆਂ ਹੀ ਆਪਣੇ ਵੱਡੇ ਭਰਾ ਰਾਮ ਰਾਏ ਦੀ ਵਿਰੋਧਤਾ ਦਾ ਸਾਹਮਣਾ ਕਰਨਾ ਪਿਆ ਜਿਸ ਨੂੰ ਕਿ ਸਰਕਾਰੀ ਹਿਮਾਇਤ ਪ੍ਰਾਪਤ ਸੀ। ਪਰ ਗੁਰੂ ਜੀ ਨੇ ਜਿਸ ਸੁਚੱਜੇ ਢੰਗ ਨਾਲ ਸਿੱਖੀ ਲਹਿਰ ਦੀ ਅਗਵਾਈ ਕੀਤੀ ਇਹ ਆਪਣੇ ਆਪ ਵਿਚ ਇਕ ਮਿਸਾਲ ਹੈ। ਆਪ ਨੇ ਗੁਰੂ ਪਿਤਾ ਜੀ ਵਲੋਂ ਸਥਾਪਿਤ ਕੀਤੀ ਮਰਿਆਦਾ ਨੂੰ ਕਾਇਮ ਰਖਿਆ। ਜਦੋਂ ਉਹ ਸੰਗਤ ਨੂੰ ਉਪਦੇਸ਼ ਦਿੰਦੇ ਸਨ ਤਾਂ ਇੰਝ ਨਹੀਂ ਸੀ ਲੱਗਦਾ ਕਿ ਇਕ ਪੰਜ ਸਾਲ ਦਾ ਬੱਚਾ ਉਪਦੇਸ਼ ਦੇ ਰਿਹਾ ਹੈ ਸਗੋਂ ਇਕ ਸੰਪੂਰਨ ਗੁਰੂ ਦੇ ਬੋਲਾਂ ਦਾ ਲਿਸ਼ਕਾਰਾ ਪੈਂਦਾ ਸੀ। ਆਪ ਚੜ੍ਹਦੇ ਸੂਰਜ ਦੀ ਲਾਲੀ ਵਾਂਗ ਸਨ ਜਿਹੜੀ ਹਨ੍ਹੇਰੇ ਨੂੰ ਮਿੱਠੇ-ਮਿੱਠੇ ਚਾਨਣ ਨਾਲ ਦੂਰ ਕਰਦੀ ਹੈ ਅਤੇ ਆਪਣੀਆਂ ਕਿਰਨਾਂ ਦਾ ਨਿੱਘ ਵੀ ਦਿੰਦੀ ਹੈ। ਗੁਰਬਾਣੀ ਉੱਤੇ ਆਪ ਦੀ ਪਕੜ ਬੇਮਿਸਾਲ ਸੀ। ਗੁਰੂ ਜੀ ਸੰਗਤ ਦੇ ਭਰਮ ਭੁਲੇਖੇ ਦੂਰ ਕਰਦੇ ਸਨ। ਧਰਮ ਪ੍ਰਚਾਰ ਲਈ ਆਪਣੇ ਪਿਤਾ ਜੀ ਵਾਂਗ ਉਨ੍ਹਾਂ ਨੇ ਪ੍ਰਚਾਰਕ ਦੂਰ ਦੁਰਾਡੇ ਭੇਜੇ। ਰਾਮ ਰਾਇ ਦੀ ਸ਼ਹਿ 'ਤੇ ਗੁਰੂ ਘਰ ਦੇ ਮਸੰਦ ਧਰਮ ਪ੍ਰਚਾਰ ਕਰਨ ਦੀ ਥਾਂ ਆਪਣੇ ਭੋਗ ਵਿਲਾਸ ਲਈ ਮਾਇਆ ਇਕੱਠੀ ਕਰਨ ਲੱਗ ਪਏ ਸਨ। ਆਪ ਜੀ ਨੇ ਸੰਗਤਾਂ ਨੂੰ ਹੁਕਮ ਕੀਤਾ ਕਿ ਹੁਣ ਕੋਈ ਮਸੰਦ ਨਹੀਂ ਹੈ। ਉਨ੍ਹਾਂ ਨੂੰ ਕੋਈ ਵੀ ਭੇਟਾ ਨਾ ਦਿੱਤੀ ਜਾਵੇ। ਇਸ ਹੁਕਮ ਨਾਲ ਸਿੱਖੀ ਵਿਚ ਹੋਣ ਵਾਲੇ ਸੰਭਾਵੀ ਨਿਘਾਰ ਨੂੰ ਰੋਕਿਆ ਗਿਆ। ਗੁਰੂ ਸਾਹਿਬ ਦੇ ਬਚਨਾਂ ਅਤੇ ਕਰਮਾਂ ਨੇ ਸਿੱਖੀ ਨੂੰ ਹੋਰ ਚੜ੍ਹਦੀ ਕਲਾ ਦੀ ਬਖਸ਼ਿਸ਼ ਕੀਤੀ।

ਸੰਗਤ ਨੂੰ ਗੁਰੂ ਸਾਹਿਬ ਦੇ ਸ਼ਬਦਾਂ ਦੀ ਸ਼ਕਤੀ, ਕਰਮਾਂ ਦੀ ਸਦਾਚਾਰਕਤਾ ਅਤੇ ਅਮਲ ਦੀ ਉੱਚਮਤਾ ਨਾਲ ਆਪਣੇ ਗੁਰੂ 'ਤੇ ਪੂਰਨ ਭਰੋਸਾ ਹੋ ਗਿਆ ਹੈ ਤੇ ਉਨ੍ਹਾਂ ਦੇ ਬਾਲਾ ਪ੍ਰੀਤਮ ਬਣ ਗਏ।

ਰਾਮ ਰਾਇ ਦੀਆਂ ਸੰਗਤ ਨੂੰ ਆਪਣੇ ਨਾਲ ਜੋੜਣ ਦੀਆਂ ਜਦੋਂ ਸਾਰੀਆਂ ਸਕੀਮਾਂ ਸਫਲ ਨਾ ਹੋ ਸਕੀਆਂ ਤਾਂ ਉਹ ਬਾਦਸ਼ਾਹ ਔਰੰਗਜ਼ੇਬ ਕੋਲ ਸ਼ਿਕਾਇਤ ਕਰਨ ਜਾ ਪਹੁੰਚਿਆ। ਬਾਦਸ਼ਾਹ ਤਾਂ ਮੌਕੇ ਦੀ ਭਾਲ ਵਿਚ ਹੀ ਸੀ ਕਿਉਂਕਿ ਉਸ ਨੂੰ ਯਕੀਨ ਸੀ ਕਿ ਗੁਰੂ ਦੇ ਸਿੱਖਾਂ ਨੂੰ ਇਸਲਾਮ ਧਾਰਨ ਕਰਨ ਲਈ ਕਿਸੇ ਵੀ ਢੰਗ ਨਾਲ ਤਿਆਰ ਨਹੀਂ ਕੀਤਾ ਜਾ ਸਕਦਾ। ਉਸ ਸੋਚਿਆ ਬਾਲ ਗੁਰੂ ਨੂੰ ਲਾਲਚ ਦੇ ਕੇ ਆਪਣੇ ਵੱਲ ਕੀਤਾ ਜਾ ਸਕਦਾ ਹੈ। ਉਸ ਨੇ ਗੁਰੂ ਸਾਹਿਬ ਨੂੰ ਦਿੱਲੀ ਬੁਲਾਉਣ ਦਾ ਫ਼ੈਸਲਾ ਕਰ ਲਿਆ। ਉਹ ਇਹ ਧਾਰਨਾ ਨਹੀਂ ਦੇਣਾ ਚਾਹੁੰਦਾ ਸੀ ਕਿ ਉਸ ਦੇ ਮਨ ਵਿਚ ਖੋਟ ਹੈ ਇਸ ਕਰਕੇ ਉਸ ਨੇ ਰਾਜਾ ਜੈ ਸਿੰਘ ਨੂੰ ਬੁਲਾ ਕੇ ਹੁਕਮ ਕੀਤਾ ਕਿ ਮੈਂ ਗੁਰੂ ਨਾਨਕ ਦੀ ਗੱਦੀ ਦੇ ਵਾਰਸ ਗੁਰੂ ਦੇ ਦਰਸ਼ਨ ਕਰਨਾ ਚਾਹੁੰਦਾ ਹਾਂ। ਉਨ੍ਹਾਂ ਨੂੰ ਇੱਜ਼ਤ ਮਾਣ ਨਾਲ ਦਿੱਲੀ ਲਿਆਂਦਾ ਜਾਵੇ। ਜਦੋਂ ਗੁਰੂ ਜੀ ਦੇ ਦਿੱਲੀ ਆਉਣ

ਡਾ. ਰਣਜੀਤ ਸਿੰਘ
ਮੋਬਾਈਲ : 94170-87328

ਦੀ ਖ਼ਬਰ ਸੰਗਤ ਨੂੰ ਪਤਾ ਲੱਗੀ ਤਾਂ ਉਨ੍ਹਾਂ ਨੂੰ ਚਾਅ ਚੜ੍ਹ ਗਿਆ। ਉਨ੍ਹਾਂ ਰਾਜਾ ਜੈ ਸਿੰਘ ਨੂੰ ਬੇਨਤੀ ਕੀਤੀ ਕਿ ਗੁਰੂ ਜੀ ਨੂੰ ਸਾਡੀ ਬੇਨਤੀ ਵੀ ਦੱਸੀ ਜਾਵੇ, ਅਸੀਂ ਬਾਲਾ ਪ੍ਰੀਤਮ ਦੇ ਦਰਸ਼ਨ ਲਈ ਬਿਹਬਲ ਹੋ ਰਹੇ ਹਾਂ।

ਜਦੋਂ ਇਹ ਸੱਦਾ ਪੱਤਰ ਗੁਰੂ ਜੀ ਕੋਲ ਪੁੱਜਾ ਤਾਂ ਉਨ੍ਹਾਂ ਇਸ ਸਬੰਧੀ ਵਿਚਾਰ ਕੀਤੀ। ਸੱਦਾ ਪੱਤਰ ਲੈ ਕੇ ਆਏ ਅਧਿਕਾਰੀ ਨੂੰ ਗੁਰੂ ਜੀ ਨੇ ਆਖਿਆ ਕਿ ਮੈਂ ਬਾਦਸ਼ਾਹ ਦੇ ਮੱਥੇ ਨਾ ਲੱਗਣ ਦਾ ਫ਼ੈਸਲਾ ਕਰ ਚੁੱਕਾ ਹਾਂ, ਪਰ ਜੇ ਸੰਗਤ ਦੀ ਇੱਛਾ ਹੈ ਤਾਂ ਮੈਂ ਸੰਗਤ ਨੂੰ ਦਰਸ਼ਨ ਦੇਣ ਜ਼ਰੂਰ ਦਿੱਲੀ ਜਾਵਾਂਗਾ। ਅਧਿਕਾਰੀ ਮੁੜ ਰਾਜਾ ਜੈ ਸਿੰਘ ਕੋਲ ਗਿਆ। ਜੈ ਸਿੰਘ ਆਪ ਗੁਰੂ ਜੀ ਦੇ ਦਰਸ਼ਨਾਂ ਲਈ ਬਿਹਬਲ ਸੀ। ਉਸ ਉੱਤਰ ਭੇਜਿਆ ਕਿ ਗੁਰੂ ਜੀ ਤੁਹਾਡਾ ਬਾਦਸ਼ਾਹ ਨੂੰ ਮਿਲਣਾ ਜ਼ਰੂਰੀ ਨਹੀਂ ਹੈ। ਤੁਸੀਂ ਸੰਗਤ ਨੂੰ ਦਰਸ਼ਨ ਦੇਣ ਜ਼ਰੂਰ ਆਵੋ। ਗੁਰੂ ਜੀ ਨੇ ਸੋਚ ਵਿਚਾਰ ਕੇ ਦਿੱਲੀ ਜਾਣ ਦਾ ਫ਼ੈਸਲਾ ਕੀਤਾ। ਬਹੁਤ ਸਾਰੀ ਸੰਗਤ ਉਨ੍ਹਾਂ ਦੇ ਨਾਲ ਤੁਰ ਪਈ ਤੇ ਰਾਹ ਵਿਚ ਹੋਰ ਸੰਗਤ ਜੁੜਦੀ ਗਈ। ਜਦੋਂ ਗੁਰੂ ਜੀ ਪੰਜੋਖਰਾ ਪਿੰਡ ਪੁੱਜੇ ਤਾਂ ਆਪ ਨੇ ਸੰਗਤ ਨੂੰ ਵਾਪਸ ਜਾਣ ਦਾ ਆਦੇਸ਼ ਦਿੱਤਾ। ਆਪ ਜੀ ਨੇ ਉੱਥੇ ਇਕ ਲਕੀਰ ਖਿੱਚ ਦਿੱਤੀ ਕਿ ਇਸ ਤੋਂ ਅੱਗੇ ਕੋਈ ਸਿੱਖ ਨਹੀਂ ਜਾਵੇਗਾ। ਇਥੇ ਖਲੋ ਕੇ ਅਰਦਾਸ ਕੀਤਿਆਂ ਮੇਰੇ ਦਰਸ਼ਨ ਹੋ ਸਕਣਗੇ। ਆਪਣੇ ਕੁਝ ਪ੍ਰਚਾਰਕਾਂ ਨੂੰ ਵੀ ਉੱਥੇ ਰਹਿਣ ਲਈ ਆਖਿਆ ਤਾਂ ਜੋ ਉਹ ਸੰਗਤ ਨੂੰ

ਨਸ਼ਿਆਂ ਖਿਲਾਫ਼ ਨੌਜਵਾਨਾਂ ਦੀ ਭੂਮਿਕਾ ਅਹਿਮ : ਪੁਲਿਸ ਕਮਿਸ਼ਨਰ ਧਨਪ੍ਰੀਤ ਕੌਰ

ਜਲੰਧਰ, 21 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਜ਼ (ਪੀ.ਆਈ.ਐਮ.ਐਸ), ਜਲੰਧਰ ਵਿਖੇ ÷ਅੰਤਰਰਾਸ਼ਟਰੀ ਨਸ਼ਾ ਵਿਰੋਧੀ ਦਿਵਸ÷ ਨੂੰ ਸਮਰਪਿਤ ਸਮਾਗਮ ਆਯੋਜਿਤ ਕੀਤਾ ਗਿਆ। ਇਹ ਸਮਾਰੋਹ ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਨਸ਼ਾ ਵਿਰੋਧੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਦੇ ਸੰਦਰਭ ਵਿੱਚ ਕਰਵਾਇਆ ਗਿਆ। ਇਸ ਮੌਕੇ ਪੁਲਿਸ ਕਮਿਸ਼ਨਰ ਜਲੰਧਰ ਸ੍ਰੀਮਤੀ ਧਨਪ੍ਰੀਤ ਕੌਰ, ਆਈ.ਪੀ.ਐਸ. ਅਤੇ ਹੋਰ ਸੀਨੀਅਰ ਪੁਲਿਸ ਅਧਿਕਾਰੀ ਮੁੱਖ ਮਹਿਮਾਨ ਵਜੋਂ ਹਾਜ਼ਰ ਹੋਏ।

ਇਸ ਮੌਕੇ ਸੰਬੋਧਨ ਕਰਦੇ ਹੋਏ ਸ੍ਰੀਮਤੀ ਧਨਪ੍ਰੀਤ ਕੌਰ ਨੇ ਕਿਹਾ ਕਿ ਨਸ਼ਾ ਰੋਕਥਾਮ ਲਈ ਪੰਜਾਬ ਸਰਕਾਰ ਅਤੇ ਪੁਲਿਸ ਵੱਲੋਂ ਕਈ ਮਹੱਤਵਪੂਰਨ ਕਦਮ ਚੁੱਕੇ ਜਾ ਰਹੇ ਹਨ। ਉਨ੍ਹਾਂ ਨੇ ਮਾਨਸਿਕ ਸਿਹਤ ਵਿਸ਼ੇਸ਼ ਗਿਆਨ, ਮੈਡੀਕਲ ਫੈਕਲਟੀ ਅਤੇ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਉਹ ਨਸ਼ਾ ਮੁਕਤੀ ਅਭਿਆਨ ਵਿੱਚ ਭਰਪੂਰ ਭਾਗ ਲੈਣ ਅਤੇ ਸਮਾਜ ਵਿੱਚ ਜਾਗਰੂਕਤਾ ਫੈਲਾਉਣ ਵਿੱਚ ਆਪਣਾ ਯੋਗਦਾਨ ਪਾਉਣ। ਉਨ੍ਹਾਂ ਨੇ ਨੌਜਵਾਨਾਂ ਨੂੰ ਪ੍ਰੇਰਿਤ ਕੀਤਾ ਕਿ ਉਹ ਇਸ ਤਬਦੀਲੀ ਦੇ ਸਾਥੀ ਬਣਨ ਅਤੇ ਨਸ਼ਿਆਂ ਵਿਰੁੱਧ ਆਪਣੀ ਆਵਾਜ਼ ਬੁਲੰਦ ਕਰਨ।

ਸਮਾਗਮ ਵਿੱਚ ਡਾ. ਰਾਜੀਵ ਅਰੋੜਾ, ਡਾਇਰੈਕਟਰ ਪ੍ਰਿੰਸਪਲ; ਡਾ. ਕਵਲਜੀਤ ਸਿੰਘ, ਐਗਜ਼ਿਕਿਊਟਿਵ ਚੇਅਰਪਰਸਨ; ਡਾ. ਐਚ.ਕੇ. ਚੀਮਾ, ਡੀਨ ਅਕੈਡਮਿਕਸ ਅਤੇ ਵਿਭਿੰਨ ਵਿਭਾਗਾਂ ਦੇ ਮੁਖੀਆਂ ਨੇ ਵੀ ਸ਼ਿਰਕਤ ਕੀਤੀ।

ਸਮਾਰੋਹ ਵਿੱਚ ਵੱਡੀ ਗਿਣਤੀ ਵਿੱਚ ਮੈਡੀਕਲ ਅਤੇ ਨਰਸਿੰਗ ਵਿਦਿਆਰਥੀਆਂ ਨੇ ਭਾਗ ਲਿਆ। ਡੀ.ਏ.ਵੀ ਕਾਲਜ ਆਫ਼ ਨਰਸਿੰਗ ਦੇ ਵਿਦਿਆਰਥੀਆਂ ਵੱਲੋਂ ਨਸ਼ਿਆਂ ਦੇ ਦੁਸ਼ਪ੍ਰਭਾਵਾਂ ਉੱਤੇ ਆਧਾਰਿਤ ਸੋਚਣ ਤੇ ਮਜਬੂਰ ਕਰ ਦੇਣ ਵਾਲਾ ਰੋਲ ਪਲੇ ਪੇਸ਼ ਕੀਤਾ ਗਿਆ।

ਨਸ਼ਿਆਂ ਦੇ ਖਿਲਾਫ਼ ਚੱਲ ਰਹੀ ਮੁਹਿਮ ਤਹਿਤ ਪੋਸਟਰ ਤੇ ਗੀਲ ਬਣਾਉਣ ਦੀ ਪ੍ਰਤੀਯੋਗਿਤਾ ਦੇ ਜੇਤੂਆਂ ਨੂੰ ਪੁਲਿਸ ਕਮਿਸ਼ਨਰ ਧਨਪ੍ਰੀਤ ਕੌਰ ਵੱਲੋਂ ਸਨਮਾਨਿਤ ਕੀਤਾ ਗਿਆ।

ਸਵੱਛ ਸਰਵੇਖਣ 2024-25 ਵਿੱਚ ਪੰਜਾਬ ਨੇ ਦਿਖਾਈ ਮਿਸਾਲੀ ਪ੍ਰਗਤੀ

ਚੰਡੀਗੜ੍ਹ, 21 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਗਤੀਸ਼ੀਲ ਅਤੇ ਦੂਰਦਰਸ਼ੀ ਅਗਵਾਈ ਹੇਠ ਪੰਜਾਬ ਵਿੱਚ ਸਫਾਈ ਅਤੇ ਸੈਨੀਟੇਸ਼ਨ ਦੀ ਸਥਿਤੀ ਵਿੱਚ ਲਗਾਤਾਰ ਸੁਧਾਰ ਹੋ ਰਿਹਾ ਹੈ। ਸੂਬੇ ਦੀਆਂ ਸ਼ਹਿਰੀ ਸਥਾਨਕ ਇਕਾਈਆਂ (ਯੂ.ਐਲ.ਬੀਜ਼) ਨੇ ਸਫਾਈ ਅਤੇ ਸੈਨੀਟੇਸ਼ਨ ਸਥਿਤੀ ਵਿੱਚ ਸੁਧਾਰ ਲਿਆਉਣ ਲਈ ਮਿਸਾਲੀ ਭੂਮਿਕਾ ਨਿਭਾਈ ਹੈ ਅਤੇ ਕੇਂਦਰੀ ਮਕਾਨ ਉਸਾਰੀ ਅਤੇ ਸ਼ਹਿਰੀ ਮਾਲਿਆਂ ਬਾਰੇ ਮੰਤਰਾਲੇ ਵੱਲੋਂ ਐਲਾਨੇ ਗਏ ਸਵੱਛ ਸਰਵੇਖਣ 2024-25 ਦੇ ਨਤੀਜਿਆਂ ਵਿੱਚ ਬਿਹਤਰ ਪ੍ਰਦਰਸ਼ਨ ਕੀਤਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਸਥਾਨਕ ਸਰਕਾਰਾਂ ਬਾਰੇ ਮੰਤਰੀ ਡਾ. ਰਵਜੋਤ ਨੇ ਕਿਹਾ ਕਿ ਸੂਬੇ ਨੇ ਸਫਾਈ ਮਿਸ਼ਨ ਵਿੱਚ ਮਿਸਾਲੀ ਪ੍ਰਗਤੀ ਹਾਸਲ ਕੀਤੀ ਹੈ। ਉਨ੍ਹਾਂ ਮਾਣ ਅਤੇ ਸੰਤੁਸ਼ਟੀ ਪ੍ਰਗਟਾਉਂਦਿਆਂ ਕਿਹਾ ਕਿ ਸੂਬੇ ਵਿੱਚ 46 ਸ਼ਹਿਰੀ ਸਥਾਨਕ ਇਕਾਈਆਂ (ਯੂ.ਐਲ.ਬੀਜ਼) ਨੇ ਵਾਟਰ ਪਲੱਸ ਦਾ ਦਰਜ ਹਾਸਲ ਕੀਤਾ ਹੈ ਜੋ ਕਿ ਇਸ ਸਬੰਧੀ ਭਾਰਤ ਵਿੱਚ ਸਰਬੋਤਮ ਦਰਜਾ ਹੈ। ਉਨ੍ਹਾਂ ਅੱਗੇ ਕਿਹਾ ਕਿ 52 ਯੂ.ਐਲ.ਬੀਜ਼ ਨੂੰ ਓ.ਡੀ.ਐਫ. ++, 43 ਨੂੰ ਓ.ਡੀ.ਐਫ.+, ਅਤੇ 22 ਨੂੰ ਓ.ਡੀ.ਐਫ ਦਰਜਾ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਸਫਾਈ ਦੇ ਖੇਤਰ ਵਿੱਚ 9 ਯੂ.ਐਲ.ਬੀਜ਼ ਦੇਸ਼ ਦੀਆਂ 100 ਪ੍ਰਮੁੱਖ ਯੂ.ਐਲ.ਬੀਜ਼ ਵਿੱਚ ਸ਼ੁਮਾਰ ਹੋਈਆਂ ਹਨ।

ਡਾ. ਰਵਜੋਤ ਸਿੰਘ ਨੇ ਅੱਗੇ ਦੱਸਿਆ ਕਿ ਗਾਰਵੇਜ ਫਰੀ ਸਿਟੀ ਸਟਾਰ ਰੇਟਿੰਗ ਤਹਿਤ, 25 ਯੂ.ਐਲ.ਬੀ.ਨੂੰ ਵਨ ਸਟਾਰ ਰੇਟਿੰਗ ਪ੍ਰਾਪਤ ਹੋਈ ਹੈ ਜੋ ਕਿ ਸਾਲ 2016 ਤੋਂ ਤੱਕ ਦੀ ਸਭ ਤੋਂ ਰੇਟਿੰਗ ਹੈ। ਜ਼ਿਕਰਯੋਗ ਹੈ ਕਿ ਮੰਡੀ ਗੋਬਿੰਦਗੜ੍ਹ ਨੇ ਥਰੀ ਸਟਾਰ ਰੇਟਿੰਗ ਪ੍ਰਾਪਤ ਹੋਈ ਹੈ ਜਦੋਂਕਿ ਬਠਿੰਡਾ ਨਗਰ ਨਿਗਮ ਨੂੰ ਸਵੱਛ ਸ਼ਹਿਰ ਲਈ ਸਟੇਟ ਪੁਰਸਕਾਰ ਪ੍ਰਾਪਤ ਹੋਇਆ ਹੈ। ਉਨ੍ਹਾਂ ਦੱਸਿਆ ਕਿ ਸੂਬਾ ਸਰਕਾਰ ਵੱਲੋਂ ਯੂ.ਐਲ.ਬੀ. ਵਿੱਚ ਸਰੋਤਾਂ ਦੀ ਵੰਡ ਕਰਕੇ ਸਫਾਈ, ਸੈਨੀਟੇਸ਼ਨ ਸਹੂਲਤਾਂ ਅਤੇ ਠੋਸ ਰਹਿੰਦ-ਖੂੰਹਦ ਪ੍ਰਬੰਧਨ ਨੂੰ ਬਿਹਤਰ ਬਣਾਉਣ ਲਈ ਨਿਰੰਤਰ ਯਤਨ ਕੀਤਾ ਜਾ ਰਹੇ ਹਨ। ਉਨ੍ਹਾਂ ਅੱਗੇ ਕਿਹਾ ਕਿ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਯੂ.ਐਲ.ਬੀ. ਨੂੰ ਫੰਡ ਪ੍ਰਦਾਨ ਕੀਤੇ ਜਾ ਰਹੇ ਹਨ ਅਤੇ ਸਵੱਛਤਾ ਤੇ ਸਫਾਈ ਸਮੇਤ ਵੱਖ-ਵੱਖ ਵਿਕਾਸ ਕਾਰਜਾਂ ਦੀ ਪ੍ਰਗਤੀ ਦੀ ਲਗਾਤਾਰ ਨਿਗਰਾਨੀ ਕੀਤੀ ਜਾ ਰਹੀ ਹੈ। ਮੰਤਰੀ ਨੇ ਖੁਸ਼ੀ ਜ਼ਾਹਿਰ ਕਰਦਿਆਂ ਕਿਹਾ ਕਿ, "ਇਹ ਹਾਲੇ ਸ਼ੁਰੂਆਤ ਹੈ, ਅਸੀਂ ਭਵਿੱਖ ਵਿੱਚ ਹੋਰ ਬਿਹਤਰ ਕਰਾਂਗੇ। ਉਨਾਂ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਸ਼ਹਿਰਾਂ 'ਤੇ ਵਿਸ਼ੇਸ਼ ਧਿਆਨ ਦਿੱਤਾ ਜਾਵੇਗਾ ਤਾਂ ਜੋ ਸ਼ਹਿਰੀ ਨਾਗਰਿਕਾਂ ਨੂੰ ਹੋਰ ਬਿਹਤਰ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਸਕਣ। ਡਾ. ਰਵਜੋਤ ਨੇ ਸਾਰੇ ਨਗਰ ਨਿਗਮ ਕਮਿਸ਼ਨਰਾਂ, ਯੂ.ਐਲ.ਬੀਜ਼ ਅਤੇ ਪੀ.ਡਬਲਯੂ.ਐਸ.ਐੱਸ.ਬੀ. ਫੀਲਡ ਅਧਿਕਾਰੀਆਂ ਦਾ ਪੰਜਾਬ ਨੂੰ ਕੂੜਾ-ਮੁਕਤ ਸਾਫ਼ ਦਰਜਾ ਪ੍ਰਾਪਤ ਕਰਨ ਵਿੱਚ ਉਨ੍ਹਾਂ ਦੇ ਯਤਨਾਂ ਲਈ ਤਹਿ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਆਸ ਪ੍ਰਗਟਾਈ ਕਿ ਆਉਣ ਵਾਲੇ ਸਾਲਾਂ ਵਿੱਚ ਵੀ ਇਹ ਗਤੀ ਜਾਰੀ ਰਹੇਗੀ।

ਉਨ੍ਹਾਂ ਦੁਹਰਾਇਆ ਕਿ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬਾ ਸਰਕਾਰ ÷ਰੰਗਲਾ, ਪ੍ਰਗਤੀਸ਼ੀਲ ਅਤੇ ਖੁਸ਼ਹਾਲ ਪੰਜਾਬ÷ ਸਿਰਜਣ ਲਈ ਵਚਨਬੱਧ ਹੈ ਅਤੇ ਅਜਿਹੀਆਂ ਪ੍ਰਾਪਤੀਆਂ ਇਸ ਦ੍ਰਿਸ਼ਟੀਕੋਣ ਨੂੰ ਸਾਕਾਰ ਕਰਨ ਵੱਲ ਅਹਿਮ ਕਦਮ ਹਨ।

ਬਾਰਿਸ਼ ਦੇ ਮੱਦੇ ਨਜ਼ਰ ਪੀਏਯੂ ਦੇ ਖੇਤਰੀ ਖੋਜ ਕੇਂਦਰ ਵੱਲੋਂ ਨਰਮਾ ਉਤਪਾਦਕ ਕਿਸਾਨਾਂ ਲਈ ਸਲਾਹ ਜਾਰੀ

ਫਾਜ਼ਿਲਕਾ, 21 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਪਿਛਲੇ ਦੋ ਤਿੰਨ ਦਿਨਾਂ ਵਿੱਚ ਇਲਾਕੇ ਵਿੱਚ ਹੋਈ ਭਰਵੀਂ ਬਾਰਿਸ਼ ਦੇ ਮੱਦੇ ਨਜ਼ਰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਅਬੋਹਰ ਸਥਿਤ ਖੇਤਰੀ ਖੋਜ ਕੇਂਦਰ ਅਤੇ ਫਾਰਮਰ ਸਲਾਹਕਾਰ ਸੇਵਾ ਦੇ ਵਿਗਿਆਨੀਆਂ ਵੱਲੋਂ ਨਰਮੇ ਦੀ ਕਾਸਤ ਕਰਨ ਵਾਲੇ ਕਿਸਾਨਾਂ ਲਈ ਸਲਾਹ ਜਾਰੀ ਕੀਤੀ ਗਈ ਹੈ। ਖੇਤੀ ਵਿਗਿਆਨੀ ਡਾ ਮਨਪ੍ਰੀਤ ਸਿੰਘ ਅਤੇ ਡਾ: ਜਗਦੀਸ਼ ਅਰੋੜਾ ਨੇ ਕਿਹਾ ਹੈ ਕਿ ਜਿੱਥੇ ਕਿਤੇ ਨਰਮੇ ਦੇ ਖੇਤਾਂ ਵਿੱਚ ਪਾਣੀ ਜਮਾਂ ਹੋਇਆ ਹੈ ਉਸ ਪਾਣੀ ਦੀ ਨਿਕਾਸੀ ਕਰ ਦੇਣੀ ਚਾਹੀਦੀ ਹੈ। ਉਹਨਾਂ ਨੇ ਕਿਹਾ ਕਿ ਕੁਝ ਥਾਵਾਂ ਤੇ ਇਸ ਨਾਲ ਪੈਰਾਵਿਲਟ ਦੀ ਸਮੱਸਿਆ ਆ ਸਕਦੀ ਹੈ, ਜਿਸ ਤਹਿਤ ਬੂਟੇ ਸੁੱਕਣੇ ਸ਼ੁਰੂ ਹੋ ਜਾਂਦੇ ਹਨ। ਜੇਕਰ ਇਹ ਨਿਸ਼ਾਨੀਆਂ ਦਿਖਾਈ ਦੇਣ ਤਾਂ ਤੁਰੰਤ ਬਿਨਾਂ ਦੇਰੀ 1 ਗ੍ਰਾਮ ਕੋਬਾਲਟ ਕਲੋਰਾਈਡ ਦਵਾਈ 100 ਲੀਟਰ ਪਾਣੀ ਵਿੱਚ ਘੋਲ ਕੇ ਪ੍ਰਭਾਵਿਤ ਬੂਟਿਆਂ ਤੇ ਛਿੜਕਾ ਕਰ ਦੇਣਾ ਚਾਹੀਦਾ ਹੈ।

ਇਸੇ ਤਰ੍ਹਾਂ ਜਦੋਂ ਖੇਤ ਵਿੱਚ ਪੈਰ ਧਰਨ ਦੀ ਸਥਿਤੀ ਹੋ ਜਾਵੇ ਤਾਂ ਯੂਰੀਆ ਦੀ ਪਹਿਲੀ ਡੋਜ ਪਾ ਦੇਣੀ ਚਾਹੀਦੀ ਹੈ। ਮਾਹਿਰਾਂ ਨੇ ਕਿਹਾ ਕਿ ਜਿੱਥੇ ਕਿਤੇ ਬਹੁਤ ਜਿਆਦਾ ਬਾਰਿਸ਼ ਹੋਈ ਹੈ ਉੱਥੇ ਪੱਤਿਆਂ ਤੇ ਪੀਲਾਪਣ ਦਿਖਾਈ ਦੇ ਸਕਦਾ ਹੈ ਜੇਕਰ ਅਜਿਹੇ ਲੱਛਣ ਦਿਖਾਈ ਦੇ ਰਹੇ ਹੋਣ ਤਾਂ ਅੱਧਾ ਗੱਟਾ ਯੂਰੀਆ ਪਾਈ ਜਾ ਸਕਦੀ ਹੈ। ਮਾਹਿਰਾਂ ਨੇ ਕਿਹਾ ਕਿ ਕੋਈ ਵੀ ਹੋਰ ਤਕਨੀਕੀ ਜਾਣਕਾਰੀ ਲਈ ਆਪਣੇ ਬਲਾਕ ਖੇਤੀਬਾੜੀ ਅਫਸਰ ਜਾਂ ਖੇਤਰੀ ਖੋਜ ਕੇਂਦਰ ਨਾਲ ਰਾਬਤਾ ਕੀਤਾ ਜਾ ਸਕਦਾ ਹੈ।

92% ਭਾਰਤੀ ਚਾਹੁੰਦੇ ਨੇ ਵਿਦੇਸ਼ਾਂ 'ਚ ਕੰਮ ਕਰਨਾ

ਨਵੀਂ ਦਿੱਲੀ, 21 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਇੱਕ ਤਾਜ਼ਾ ਰਿਪੋਰਟ ਅਨੁਸਾਰ ਭਾਰਤ ਦੇ 92% ਨੌਜਵਾਨ - ਜੇ ਉਨ੍ਹਾਂ ਨੂੰ ਮੁਫ਼ਤ ਵੀਜ਼ਾ, ਸ਼ਾਨਦਾਰ ਸਿਖਲਾਈ ਅਤੇ ਭਰੋਸੇਯੋਗ ਮਾਰਗਦਰਸ਼ਨ ਮਿਲਦਾ ਹੈ - ਵਿਦੇਸ਼ਾਂ 'ਚ ਕੰਮ ਕਰਨਾ ਚਾਹੁਣਗੇ। ਇਹ ਅੰਕੜਾ ਭਾਰਤੀ ਨੌਜਵਾਨਾਂ 'ਚ ਗਲੋਬਲ ਕਰੀਅਰ ਦੀ ਵੱਧ ਰਹੀ ਇੱਛਾ ਨੂੰ ਦਰਸਾਉਂਦਾ ਹੈ। ਹਾਲਾਂਕਿ ਗ਼ਲਤ ਏਜੰਟ, ਉਚ ਫ਼ੀਸਾਂ ਅਤੇ ਸਹੀ ਜਾਣਕਾਰੀ ਦੀ ਘਾਟ ਉਨ੍ਹਾਂ ਦੇ ਰਾਹ 'ਚ ਸਭ ਤੋਂ ਵੱਡੀਆਂ ਰੁਕਾਵਟਾਂ ਵਜੋਂ ਉਭਰ ਰਹੇ ਹਨ।

ਰਿਪੋਰਟ ਅਨੁਸਾਰ ਸਿਹਤ ਸੰਭਾਲ ਖੇਤਰ ਦੇ ਨੌਜਵਾਨਾਂ 'ਚ ਵਿਦੇਸ਼ਾਂ 'ਚ ਕੰਮ ਕਰਨ 'ਚ ਸਭ ਤੋਂ ਵੱਧ ਦਿਲਚਸਪੀ ਦੇਖੀ ਗਈ ਹੈ। ਇਹ ਦਰਸਾਉਂਦਾ ਹੈ ਕਿ ਭਾਰਤੀ ਸਿਹਤ ਕਰਮਚਾਰੀ ਅੰਤਰਰਾਸ਼ਟਰੀ ਪੱਧਰ 'ਤੇ ਆਪਣੀਆਂ ਸੇਵਾਵਾਂ ਪ੍ਰਦਾਨ ਕਰਨ ਲਈ ਤਿਆਰ ਹਨ ਬਸ਼ਰਤੇ ਉਨ੍ਹਾਂ ਨੂੰ ਸਹੀ ਮੌਕਾ ਅਤੇ ਸਹਾਇਤਾ ਮਿਲੇ।

ਭਾਰਤੀ ਨੌਜਵਾਨ ਵਿਦੇਸ਼ਾਂ 'ਚ ਕਿਉਂ ਕਰਨਾ ਚਾਹੁੰਦੇ ਹਨ ਕੰਮ? ਨੌਜਵਾਨਾਂ ਦੀ ਇਸ ਵਧੀ ਹੋਈ ਦਿਲਚਸਪੀ ਦੇ ਕਈ ਕਾਰਨ ਹਨ। ਵਿਦੇਸ਼ ਅਕਸਰ ਭਾਰਤ ਨਾਲੋਂ ਬਿਹਤਰ ਤਨਖ਼ਾਹ ਪੈਕੇਜ ਅਤੇ ਜੀਵਨ ਦੀ ਗੁਣਵੱਤਾ ਪ੍ਰਦਾਨ ਕਰਦਾ ਹੈ। ਅੰਤਰਰਾਸ਼ਟਰੀ ਤਜਰਬਾ ਨੌਜਵਾਨਾਂ ਦੇ ਹੁਨਰ ਨੂੰ ਵਧਾਉਂਦਾ ਹੈ ਅਤੇ ਉਨ੍ਹਾਂ ਨੂੰ ਵਿਸ਼ਵ ਪੱਧਰ 'ਤੇ ਮਾਨਤਾ ਦਿੰਦਾ ਹੈ। ਬਹੁਤ ਸਾਰੇ ਦੇਸ਼ ਨੌਕਰੀਆਂ ਦੇ ਨਾਲ-ਨਾਲ ਉਚ ਸਿੱਖਿਆ ਅਤੇ ਵਿਸ਼ੇਸ਼ ਸਿਖਲਾਈ ਦੇ ਮੌਕੇ ਪ੍ਰਦਾਨ ਕਰਦੇ ਹਨ। ਰਿਪੋਰਟ ਦਰਸਾਉਂਦੀ ਹੈ ਕਿ ਜੇਕਰ ਵੀਜ਼ਾ ਪ੍ਰਕਿਰਿਆ ਆਸਾਨ ਅਤੇ ਮੁਫ਼ਤ ਹੋਵੇ ਤਾਂ ਵਧੇਰੇ ਨੌਜਵਾਨ ਵਿਦੇਸ਼ ਜਾਣ ਲਈ ਤਿਆਰ ਹੁੰਦੇ ਹਨ।

ਰਾਹ 'ਚ ਚੁਣੌਤੀਆਂ: ਭਾਰਤੀ ਨੌਜਵਾਨਾਂ ਲਈ ਵਿਦੇਸ਼ 'ਚ ਨੌਕਰੀ ਲੱਭਣਾ ਹਮੇਸ਼ਾ ਆਸਾਨ ਨਹੀਂ ਹੁੰਦਾ। ਰਿਪੋਰਟ 'ਚ ਉਜਾਗਰ ਕੀਤੀਆਂ ਗਈਆਂ ਕੁਝ ਵੱਡੀਆਂ ਚੁਣੌਤੀਆਂ ਹਨ। ਕਈ ਵਾਰ ਗ਼ਲਤ ਅਤੇ ਨਕਲੀ ਏਜੰਟ ਨੌਜਵਾਨਾਂ ਨੂੰ ਧੋਖਾ ਦਿੰਦੇ ਹਨ ਜਿਸ ਨਾਲ ਉਨ੍ਹਾਂ ਦੇ ਪੈਸੇ ਅਤੇ ਸਮੇਂ ਦੀ ਬਰਬਾਦੀ ਹੁੰਦੀ ਹੈ।

ਵੀਜ਼ਾ, ਅਰਜ਼ੀ ਅਤੇ ਹੋਰ ਪ੍ਰਕਿਰਿਆਵਾਂ ਲਈ ਲਈਆਂ ਜਾਣ ਵਾਲੀਆਂ ਭਾਰੀ ਫ਼ੀਸਾਂ ਬਹੁਤ ਸਾਰੇ ਨੌਜਵਾਨਾਂ ਲਈ ਵੱਡੀਆਂ ਰੁਕਾਵਟਾਂ ਹਨ। ਸਹੀ ਏਜੰਟਾਂ, ਭਰੋਸੇਯੋਗ ਕੰਪਨੀਆਂ ਅਤੇ ਵਿਦੇਸ਼ਾਂ 'ਚ ਨੌਕਰੀ ਦੇ ਮੌਕਿਆਂ ਬਾਰੇ ਸਹੀ ਜਾਣਕਾਰੀ ਦੀ ਘਾਟ ਵੀ ਇੱਕ ਵੱਡੀ ਚੁਣੌਤੀ ਹੈ।

ਸਿਹਤ ਸੰਭਾਲ ਖੇਤਰ 'ਚ ਸਭ ਤੋਂ ਵੱਧ ਦਿਲਚਸਪੀ: ਰਿਪੋਰਟ ਦੇ ਵਿਸ਼ਲੇਸ਼ਣ ਤੋਂ ਪਤਾ ਲੱਗਾ ਹੈ ਕਿ ਸਿਹਤ ਸੰਭਾਲ ਖੇਤਰ ਦੇ ਨੌਜਵਾਨ ਜਿਵੇਂ ਕਿ ਨਰਸਾਂ, ਡਾਕਟਰ ਅਤੇ ਪੈਰਾ ਮੈਡੀਕਲ ਸਟਾਫ਼ ਵਿਦੇਸ਼ਾਂ 'ਚ ਕੰਮ ਕਰਨ ਲਈ ਸਭ ਤੋਂ ਵੱਧ ਉਤਸੁਕ ਹਨ। ਇਹ ਸ਼ਾਇਦ ਵਿਦੇਸ਼ਾਂ 'ਚ ਇਸ ਖੇਤਰ 'ਚ ਉਪਲਬਧ ਬਿਹਤਰ ਮੌਕੇ, ਉਚ ਆਮਦਨ ਅਤੇ ਸਨਮਾਨ ਦੇ ਕਾਰਨ ਹੈ।

ਇਹ ਰਿਪੋਰਟ ਭਾਰਤ ਸਰਕਾਰ ਅਤੇ ਸਬੰਧਤ ਏਜੰਸੀਆਂ ਲਈ ਇੱਕ ਮਹੱਤਵਪੂਰਨ ਸੰਕੇਤ ਹੈ ਕਿ ਉਨ੍ਹਾਂ ਨੂੰ ਵਿਦੇਸ਼ਾਂ 'ਚ ਕੰਮ ਕਰਨ ਦੀਆਂ ਨੌਜਵਾਨਾਂ ਦੀਆਂ ਇੱਛਾਵਾਂ ਨੂੰ ਪੂਰਾ ਕਰਨ ਲਈ ਸੁਰੱਖਿਅਤ ਅਤੇ ਪਾਰਦਰਸ਼ੀ ਸਾਧਨ ਪ੍ਰਦਾਨ ਕਰਨ ਵੱਲ ਕੰਮ ਕਰਨਾ ਚਾਹੀਦਾ ਹੈ ਤਾਂ ਜੋ ਉਹ ਧੋਖਾਧੜੀ ਦਾ ਸ਼ਿਕਾਰ ਨਾ ਹੋਣ।

ਕਰੋੜ ਤੋਂ ਵੱਧ Facebook ਐਕਾਊਂਟਸ ਬੰਦ

ਵਾਸ਼ਿੰਗਟਨ, 21 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਯੂਟਿਊਬ ਤੋਂ ਬਾਅਦ ਹੁਣ ਸੋਸ਼ਲ ਮੀਡੀਆ ਦਿੱਗਜ ਕੰਪਨੀ ਮੈਟਾ ਨੇ ਵੀ ਘੱਟ ਮਿਹਨਤ ਅਤੇ ਫ਼ੇਕ ਕੌਨਟੈਂਟ 'ਤੇ ਸਖ਼ਤ ਰੁਖ਼ ਅਪਨਾਇਆ ਹੈ। ਕੰਪਨੀ ਨੇ ਇੱਕ ਕਰੋੜ ਤੋਂ ਵੱਧ ਫ਼ੇਸਬੁੱਕ ਐਕਾਊਂਟਸ ਨੂੰ ਬਲੌਕ ਕਰ ਦਿੱਤਾ ਹੈ। ਇਹ ਸਾਰੇ ਐਕਾਊਂਟਸ ਗ਼ੈਰ-ਮੂਲ, ਸਪੈਮ ਅਤੇ ਕੌਪੀ ਕੀਤੇ ਗਏ ਕੌਂਟੈਂਟ ਨੂੰ ਪੋਸਟ ਕਰਨ ਦੇ ਦੋਸ਼ਾਂ 'ਚ ਕਾਰਵਾਈ ਦੇ ਦਾਇਰੇ 'ਚ ਆਏ ਹਨ। **ਪੰਜ ਲੱਖ ਤੋਂ ਵੱਧ ਐਕਾਊਂਟਸ ਦੇ ਲੱਗਾ ਜੁਰਮਾਨਾ:** ਕੰਪਨੀ ਨੇ ਇਸ ਦੇ ਨਾਲ ਹੀ 5 ਲੱਖ ਤੋਂ ਵੱਧ ਐਕਾਊਂਟਸ 'ਤੇ ਜੁਰਮਾਨਾ ਵੀ ਲਗਾਇਆ ਹੈ, ਜੋ ਫ਼ਰਜ਼ੀ ਐਨਗੇਜਮੈਂਟ, ਬਾਰ-ਬਾਰ ਰਿਪੀਟ ਹੋਣ ਵਾਲੀਆਂ ਪੋਸਟਾਂ, ਵਿਊਜ਼ ਅਤੇ ਪੈਸੇ ਲਈ ਸਿਸਟਮ 'ਚ ਛੇੜਛਾੜ ਕਰ ਰਹੇ ਸਨ।

ਈ ਅਤੇ ਡੁਪਲੀਕੇਟ ਵੀਡੀਓ 'ਤੇ ਨਜ਼ਰ: Meta ਨੇ ਦੱਸਿਆ ਕਿ ਉਹ ਹੁਣ ਐਡਵਾਂਸਡ ਟੂਲਜ਼ ਦੀ ਮਦਦ ਨਾਲ ਡੁਪਲੀਕੇਟ ਵੀਡੀਓਜ਼ ਦੀ ਪਛਾਣ ਕਰ ਰਿਹਾ ਹੈ ਤਾਂ ਜੋ ਓਰਿਜਨਲ ਕ੍ਰਿਏਟਰਾਂ ਨੂੰ ਉਨ੍ਹਾਂ ਦੀ ਮਿਹਨਤ ਦਾ ਸਹੀ ਸਿਹਰਾ ਅਤੇ ਪਹੁੰਚ ਮਿਲ ਸਕੇ। ਬਾਰ-ਬਾਰ ਕੌਨਟੈਂਟ ਚੋਰੀ ਕਰਨ ਵਾਲੇ ਐਕਾਊਂਟਸ ਦੀ ਰੀਚ ਘਟਾਈ ਜਾਵੇਗੀ, ਅਤੇ ਨਾਲ ਹੀ ਉਨ੍ਹਾਂ ਨੂੰ ਫ਼ੇਸਬੁੱਕ ਮੋਨੇਟਾਈਜੇਸ਼ਨ ਪ੍ਰੋਗਰਾਮ ਤੋਂ ਵੀ ਅਸਥਾਈ ਤੌਰ 'ਤੇ ਬਾਹਰ ਕਰ ਦਿੱਤਾ ਜਾਵੇ

ਝੂਠੀ ਖ਼ਬਰ ਹਟਾਉਣ ਦੀ ਆਵਾਜ਼ ਵਿੱਚ ਪੈਸੇ ਲੈਣ ਵਾਲਾ ਚੈਨਲ ਡਾਇਰੈਕਟਰ ਗਿਰਫਤਾਰ, 1 ਲੱਖ ਬਰਮਦ

ਪੰਚਕੂਲਾ, 21 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਸਰਕਾਰ ਦੇ ਕੈਬਿਨੇਟ ਮੰਤਰੀ ਡਾ. ਅਰਵਿੰਦ ਸ਼ਰਮਾ ਦੇ ਪ੍ਰਾਈਵੇਟ ਸਹਾਇਕ (ਪੀ.ਏ.) ਦੀਪ ਕੌਸ਼ਿਕ ਦੇ ਖਿਲਾਫ ਸੋਸ਼ਲ ਮੀਡੀਆ 'ਤੇ ਇੱਕ ਝੂਠੀ ਅਤੇ ਭ੍ਰਮਕ ਖਬਰਾਂ ਨੂੰ ਚਲਾਕਰ ਉਨ੍ਹਾਂ ਦੀ ਧੂਮਿਲ ਕਰਨ ਦੀ ਕੋਸ਼ਿਸ਼ ਦੇ ਮਾਮਲੇ ਸਾਹਮਣੇ ਆਏ ਹਨ। ਮਾਮਲੇ ਦੀ ਜਾਂਚ ਦੇ ਬਾਅਦ ਪੰਚਕੂਲਾ ਪੁਲਿਸ ਨੇ ਕੇ-9 ਮੀਡੀਆ ਚੈਨਲ ਦੇ ਡਾਇਰੈਕਟਰ ਜਾਣਕਾਰੀ ਦੇ ਅਨੁਸਾਰ, ਦੀਪ ਕੌਸ਼ਿਕ ਨਿਵਾਸੀ ਸੇਕਟਰ-20 ਪੰਚਕੂਲਾ ਨੇ 10 ਜੁਲਾਈ ਨੂੰ ਪੁਲਿਸ ਨੂੰ ਸ਼ਿਕਾਇਤ ਕੀਤੀ ਸੀ ਕਿ ਉਹ ਮੰਤਰੀ ਡਾ. ਅਰਵਿੰਦ ਸ਼ਰਮਾ ਦੇ ਦਫ਼ਤਰ ਵਿੱਚ ਬਤੌਰ ਸਿਵਿਲ ਇੰਜੀਨੀਅਰ ਕੰਮ ਕਰਦੇ ਹਨ। 5 ਜੁਲਾਈ ਨੂੰ ਉਹ ਮੰਤਰੀ ਜੀ ਦੇ ਨਾਲ ਸੈਕਟਰ-5 ਸਥਿਤ ਇੰਦ੍ਰਧਨੁਸ਼ ਆਡਿਟੋਰੀਅਮ ਵਿੱਚ ਅੰਤਰਰਾਸ਼ਟਰੀ ਸਹਿਕਾਰਤਾ ਦਿਵਸ ਪ੍ਰੋਗਰਾਮ ਵਿੱਚ ਸ਼ਾਮਲ ਹਨ। ਇੱਕੋ ਸਮੇਂ ਸੋਸ਼ਲ ਮੀਡੀਆ ਪਲੇਟਫਾਰਮ ਫੇਸਬੁੱਕ 'ਤੇ 'ਕੇ-9 ਮੀਡੀਆ' ਨਾਮ ਚੈਨਲ ਦੁਆਰਾ ਇੱਕ ਝੂਠੀ ਖ਼ਬਰਾਂ ਦੀ ਜਾਣਕਾਰੀ ਮਿਲੀ ਹੈ ਕਿ ਮੰਤਰੀ ਜੀ ਕੇ ਪੀ.ਏ. ਨੇ ਚੰਡੀਗੜ੍ਹ ਵਿੱਚ ਇੱਕ ਕੋਠੀ ਵਿੱਚ ਮਹਿਲਾ ਸਫ਼ਾਈ ਕਰਮਚਾਰੀ ਤੋਂ ਛੇੜਛਾੜ ਹੈ।

ਆਮ ਅਸਲੀਅਤ ਇਹ ਹੈ ਕਿ ਪੀ.ਏ. ਨੇ ਸਫ਼ਾਈ ਕਰਮਚਾਰੀ ਨੂੰ ਸਿਰਫ਼ ਠੀਕ ਤੋਂ ਨਾ ਕਰਨ 'ਤੇ ਟੋਕਾ ਸੀ। ਸਫ਼ਾਈ ਕਰਮਚਾਰੀ ਨੇ ਖੁਦ ਇੱਕ ਵੀਡੀਓ ਜਾਰੀ ਕਰ ਕਿਸੇ ਵੀ ਕਿਸਮ ਦੀ ਛੇੜਛਾੜ ਤੋਂ ਸਾਫ਼ ਇਨਕਾਰ ਕੀਤਾ ਹੈ।ਐੱਸ.ਪੀ. ਵਿਕਰਮ ਨੇਹਰਾ ਨੇ ਮਾਮਲੇ ਦੀ ਜਾਣਕਾਰੀ ਦੱਸੀ ਹੈ ਕਿ ਮੰਤਰੀ ਜੀ ਦੇ ਪੀ.ਆਰ.ਓ ਲਵੇਸ਼ ਸ਼ਰਮਾ ਨੇ ਜਦੋਂ ਚੈਨਲ ਦੇ ਡਾਇਰੈਕਟਰ ਲਵੇਸ਼ ਸ਼ਰਮਾ ਨੇ ਇਸ ਸਬੰਧ 'ਚ ਆਪਣੇ ਸਾਥੀ ਅਨਿਲ ਸ਼ਰਮਾ ਤੋਂ ਗੱਲ ਕਰਦੇ ਹੋਏ ਕਿਹਾ ਕਿ ਤੁਸੀਂ ਵੀ ਅਰੁਣ ਸ਼ਰਮਾ ਨੇ ਇਸ ਬਾਰੇ 'ਚ ਗੱਲ ਕੀਤੀ ਹੈ ਜਿਸ 'ਤੇ ਅਰੁਣ ਸ਼ਰਮਾ ਨੇ ਪੈਸੋ ਦੀ ਡਿਮਾਂਡ ਦੀ ਸੀ। ਜਾਂਚ ਵਿੱਚ ਇਹ ਵੀ ਸਾਹਮਣੇ ਆਇਆ ਕਿ ਇਹ ਖਬਰ 'ਖਰੀ-ਖਰੀ ਨਿਊਜ਼' ਅਤੇ 'ਸੱਚੀ ਖਬਰ' ਨਾਮਕ ਫੇਸਬੁੱਕ ਚੈਨਲਾਂ ਉੱਤੇ ਵੀ ਪ੍ਰਸਾਰਿਤ ਕੀਤੀ ਗਈ ਸੀ। ਇਨਕੋ ਵੀ ਜਾਂਚ ਵਿੱਚ ਸ਼ਾਮਲ ਕੀਤਾ ਜਾਵੇਗਾ। ਇਸ ਤੋਂ ਇਲਾਵਾ ਜੇਕਰ ਇਸ ਖਬਰ ਨੂੰ ਚਲਾਉਣ ਲਈ ਪ੍ਰੇਰਕ ਨੂੰ ਕਿਸੇ ਹੋਰ ਦੀ ਭਾਗੀਦਾਰੀ ਪਾਈ ਜਾ ਸਕਦੀ ਹੈ ਤਾਂ ਉਸ ਦੇ ਵਿਰੁੱਧ ਵੀ ਕਾਨੂੰਨੀ ਕਾਰਵਾਈ ਦੀ ਕੋਸ਼ਿਸ਼ ਕਰੋ।

ਐਸਪੀ ਵਿਕਰਮ ਨੇਹਰਾ ਨੇ ਅੱਗੇ ਕਿ ਪੰਚਕੂਲਾ ਸੇਕਟਰ-5 ਥਾਨਾ ਵਿੱਚ ਭਾਰਤੀ ਸੰਹਿਤਾ ਦੀ ਧਾਰਾ 61(2), 353(2) ਅਤੇ 308(2) ਦੇ ਅਧੀਨ ਮਾਮਲੇ ਦਰਜ ਕਰ ਜਾਂਚ ਜਾਂਚ ਭੂਮੀ ਦੀ ਸਾਇਬਰ ਕ੍ਰਾਈਮ ਥਾਨਾ ਪ੍ਰੈਰੀ ਸਬ ਇੰਪੈਕਟਰ ਯੁਦੇਵਵੀਰ ਸਿੰਘ ਅਤੇ ਸੇਕਟਰ-5 ਥਾਨਾ ਅਧਿਕਾਰੀ ਸਿੰਘ ਨੇ ਕੇਸ ਦੀ ਵਾਰੀਕੀ ਤੋਂ ਜਾਂਚ ਦੀ। ਜਾਂਚ ਦੇ ਦੌਰਾਨ ਗਵਾਹ ਸਚਿਨ ਦੁਆਰਾ ਦਿੱਤੇ ਗਏ ਇੱਕ ਲੱਖ ਰੁਪਏ ਮੌਕਾ ਤੋਂ ਬਰਾਮਦ ਬਣਾਏ ਗਏ, ਜਿਨਕੀ ਜਾਣਕਾਰੀ ਪਹਿਲਾਂ ਵੀ ਸ਼ਿਕਾਇਤਕਰਤਾ ਦੀਪ ਕੌਸ਼ਿਕ ਨੇ ਪੁਲਿਸ ਨੂੰ ਦਿੱਤੀ। ਇਸ ਤੋਂ ਇਲਾਵਾ ਅਰੁਣ ਕੁਮਾਰ ਦੇ ਪਾਸ ਦੋ ਮੋਬਾਈਲ ਫੋਨ ਵੀ ਬਰਮਦ ਬਣਾਏ ਗਏ ਹਨ। ਗੌਰਤਲਬ ਹੈ ਕਿ ਕੇ-9 ਮੀਡੀਆ ਨਿਰਦੇਸ਼ਕ ਪੁਲਿਸ ਨੇ 16 ਜੁਲਾਈ ਨੂੰ ਵਿਧਿਵਤ ਗਿਰਫਤਾਰ ਕਰ ਅੱਜ ਅਦਾਲਤ ਵਿੱਚ ਪੇਸ਼ ਕੀਤਾ, ਜਿੱਥੇ ਉਸ ਨੇ ਇੱਕ ਦਿਨ ਦੇ ਪੁਲਿਸ ਰਿਮਾਂਡ ਨੂੰ ਭੇਜਿਆ ਹੈ। ਰਿਮਾਂਡ ਦੇ ਦੌਰਾਨ ਪੁਲਿਸ ਉਸ ਮੋਬਾਈਲ ਅਤੇ ਲੈਪਟਾਪ ਨੂੰ ਬਰਾਮਦ ਕਰੇਗਾ ਨਾਲ ਵੀਡੀਓ ਅੱਪਲੋਡ ਕੀਤਾ ਗਿਆ ਸੀ।

ਲਾਲ ਚੰਦ ਕਟਾਰੂਚੱਕ ਨੇ 5 ਜ਼ਿਲਿਆਂ ਵਿੱਚ ਹਾਈਵੇਅ 'ਤੇ ਫੁੱਲਾਂ ਵਾਲੇ ਬੂਟੇ ਲਗਾਉਣ ਸਬੰਧੀ ਪਾਇਲਟ ਪ੍ਰੋਜੈਕਟ ਦਾ ਕੀਤਾ ਐਲਾਨ

ਚੰਡੀਗੜ੍ਹ, 21 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਵਾਤਾਵਰਣ ਨੂੰ ਸਾਫ਼-ਸੁਥਰਾ ਅਤੇ ਹਰਿਆ ਭਰਿਆ ਬਣਾਉਣ ਲਈ ਕਈ ਅਹਿਮ ਪਹਿਲਕਦਮੀਆਂ ਦਾ ਐਲਾਨ ਕਰਦੇ ਹੋਏ, ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਅੱਜ ਹਾਈਵੇਅ ਦੇ ਦੋਵੇਂ ਪਾਸੇ ਫੁੱਲਾਂ ਵਾਲੇ ਬੂਟੇ ਲਗਾਉਣ ਵਾਲੇ ਇੱਕ ਪਾਇਲਟ ਪ੍ਰੋਜੈਕਟ ਦਾ ਐਲਾਨ ਕੀਤਾ। ਇੱਕ ਸੂਬਾ ਪੱਧਰੀ ਵਿਸ਼ੇਸ਼ ਕਮੇਟੀ ਇਸ ਪ੍ਰੋਜੈਕਟ ਦੀ ਨਿਗਰਾਨੀ ਕਰੇਗੀ ਅਤੇ ਸਮੇਂ-ਸਮੇਂ ਇਸਦੀ ਸਮੀਖਿਆ ਵੀ ਕਰੇਗੀ।

ਮੁੱਢਲੇ ਗੇੜ ਵਿੱਚ, ਇਹ ਪ੍ਰੋਜੈਕਟ 5 ਜ਼ਿਲਿਆਂ: ਰੋਪੜ (ਵਿਸ਼ੇਸ਼ ਤੌਰ 'ਤੇ ਸ੍ਰੀ ਆਨੰਦਪੁਰ ਸਾਹਿਬ), ਸ਼ਹੀਦ ਭਗਤ ਸਿੰਘ ਨਗਰ (ਸ਼ਹੀਦ ਭਗਤ ਸਿੰਘ ਦੇ ਜੱਦੀ ਪਿੰਡ ਖਟਕੜ ਕਲਾਂ ਦੇ ਆਲੇ-ਦੁਆਲੇ ਦੇ ਖੇਤਰ ਵਿੱਚ), ਸੰਗਰੂਰ, ਪਠਾਨਕੋਟ ਅਤੇ ਅੰਮ੍ਰਿਤਸਰ ਵਿੱਚ ਲਾਗੂ ਕੀਤਾ ਜਾਵੇਗਾ। ਪ੍ਰੋਜੈਕਟ ਤਹਿਤ ਇਨ੍ਹਾਂ ਜ਼ਿਲਿਆਂ ਵਿੱਚ ਹਾਈਵੇਅ ਦੇ ਸੱਜੇ -ਖੱਬੇ ਦੋਵੇਂ ਪਾਸੇ 500 ਮੀਟਰ ਦੀ ਦੂਰੀ 'ਤੇ 5, 6 ਅਤੇ 7 ਫੁੱਟ ਤੱਕ ਦੀ ਉਚਾਈ ਵਾਲੇ ਬੂਟੇ ਲਗਾਏ ਜਾਣਗੇ।

ਮੰਤਰੀ ਨੇ ਪੰਜਾਬ ਭਵਨ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਬੂਟਿਆਂ ਦੇ ਵਧਣ-ਫੁੱਲਣ ਤੇ ਸਾਂਭ ਸੰਭਾਲ ਨੂੰ ਯਕੀਨੀ ਬਣਾਉਣ ਲਈ ਢੁਕਵੀਂ ਨਜ਼ਰਸਾਨੀ ਕੀਤੀ ਜਾਵੇਗੀ । ਇਸ ਤੋਂ ਇਲਾਵਾ, ਵਾੜ ਲਗਾਉਣ ਦਾ ਕੰਮ ਵੀ ਕੀਤਾ ਜਾਵੇਗਾ ਤਾਂ ਜੋ ਬੂਟਿਆਂ ਨੂੰ ਆਵਾਰਾ ਜਾਨਵਰਾਂ ਤੋਂ ਬਚਾਇਆ ਜਾ ਸਕੇ।

ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਸ਼?ਰੀ ਕਟਾਰੂਚੱਕ ਨੇ ਦੱਸਿਆ ਕਿ ਇਹ ਪ੍ਰੋਜੈਕਟ ਆਲੇ ਦੁਆਲੇ ਨੂੰ ਬਹੁਤ ਸਾਫ਼-ਸੁਥਰਾ ਅਤੇ ਹਰਾ-ਭਰਾ ਬਣਾਉਣ ਵੱਲ ਇੱਕ ਸੁਹਿਰਦ ਉਪਰਾਲਾ ਹੈ। ਮੰਤਰੀ ਨੇ ਕਿਹਾ ਕਿ ਇਹ ਪ੍ਰੋਜੈਕਟ ਮਨਰੇਗਾ ਅਧੀਨ ਕੰਮ ਕਰਦੇ ਲੋਕਾਂ ਲਈ ਰੁਜ਼ਗਾਰ ਦੇ ਨਵੇਂ ਮੌਕੇ ਵੀ ਯਕੀਨੀ ਬਣਾਏਗਾ।

ਦੂਜੀ ਅਹਿਮ ਪੇਸ਼ਕਦਮੀ ਦਾ ਉਦਘਾਟਨ ਕਰਦਿਆਂ ਮੰਤਰੀ ਨੇ ਦੱਸਿਆ ਕਿ ਅੱਜ ਦੀ ਪੀੜ੍ਹੀ ਨੂੰ ਰੁੱਖਾਂ ਅਤੇ ਵਾਤਾਵਰਣ ਦੀ ਸੁਰੱਖਿਆ ਪ੍ਰਤੀ ਸੰਵੇਦਨਸ਼ੀਲ ਬਣਾਉਣ ਲਈ, ਇਸ ਵਿਸ਼ੇ 'ਤੇ ਆਧਾਰਿਤ ਭਾਸ਼ਣ ਅਤੇ ਕਵਿਤਾ ਮੁਕਾਬਲੇ 23 ਜੁਲਾਈ ਤੋਂ ਬਟਾਲਾ ਵਿਖੇ ਪ੍ਰਸਿੱਧ ਕਵੀ ਸ਼ਿਵ ਕੁਮਾਰ ਬਟਾਲਵੀ ਦੇ ਜਨਮ ਦਿਵਸ ਵਾਲੇ ਦਿਨ ਤੋਂ ਸ਼ੁਰੂ ਕਰਵਾਏ ਜਾਣਗੇ। ਇਹ ਮੁਕਾਬਲੇ ਇੱਕ ਮਹੀਨੇ ਤੱਕ ਚੱਲਣਗੇ ਅਤੇ ਚਾਰ ਸ਼?ਰੇਣੀਆਂ :ਪ੍ਰਾਇਮਰੀ (ਪਹਿਲੀ ਤੋਂ ਪੰਜਵੀਂ ਜਮਾਤ), ਸੈਕੰਡਰੀ (ਛੇਵੀਂ ਤੋਂ ਦਸਵੀਂ ਜਮਾਤ), ਸੀਨੀਅਰ ਸੈਕੰਡਰੀ (ਗਿਆਰਵੀਂ ਤੇ ਬਾਰਵੀਂ) ਅਤੇ ਕਾਲਜ ਪੱਧਰ ਉੱਤੇ ਕਰਵਾਏ ਜਾਣਗੇ।

ਇਸ ਬਾਰੇ ਹੋਰ ਵਿਸਥਾਰ ਵਿੱਚ ਦੱਸਦਿਆਂ ਸ੍ਰੀ ਕਟਾਰੂਚੱਕ ਨੇ ਕਿਹਾ ਕਿ ਇਹਨਾਂ ਮੁਕਾਬਲਿਆਂ ਦੇ ਪਹਿਲੇ ਗੇੜ ਦੇ ਜੇਤੂ ਅੱਗੇ ਰਾਜ ਪੱਧਰ 'ਤੇ ਆਪਣੇ ਹੁਨਰ ਦਾ ਪ੍ਰਦਰਸ਼ਨ ਕਰਨਗੇ। ਰਾਜ ਪੱਧਰ 'ਤੇ ਚਾਰਾਂ ਸ਼?ਰੇਣੀਆਂ ਵਿੱਚੋਂ ਹਰੇਕ ਵਿੱਚ ਪਹਿਲੇ ਤਿੰਨ ਸਥਾਨ ਪ੍ਰਾਪਤ ਕਰਨ ਵਾਲੇ ਉਮੀਦਵਾਰਾਂ ਨੂੰ ਕ੍ਰਮਵਾਰ 51,000 ਰੁਪਏ, 31,000 ਰੁਪਏ ਅਤੇ 21,000 ਰੁਪਏ ਦੀ ਇਨਾਮ ਰਾਸ਼ੀ ਨਾਲ ਸਨਮਾਨਿਤ ਕੀਤਾ ਜਾਵੇਗਾ। ਸਿੱਖਿਆ ਵਿਭਾਗ ਦੀ ਦੇਖ-ਰੇਖ ਹੇਠ ਕਰਵਾਏ ਜਾਣ ਵਾਲੇ ਇਹਨਾਂ ਮੁਕਾਬਲਿਆਂ ਵਿੱਚ ਪੰਜਾਬੀ ਸਾਹਿਤ ਦੀਆਂ ਉੱਘੀਆਂ ਸ਼ਖਸੀਅਤਾਂ ਬਤੌਰ ਜੱਜ ਸ਼ਾਮਿਲ ਹੋਣਗੀਆਂ।

ਇੱਕ ਸਵਾਲ ਦੇ ਜਵਾਬ ਵਿੱਚ ਕੈਬਿਨਟ ਮੰਤਰੀ ਨੇ ਦੱਸਿਆ ਕਿ ਮੌਜੂਦਾ ਸਰਕਾਰ ਕੇ ਕਾਰਜਕਾਲ ਦੌਰਾਨ ਜੰਗਲਾਤ ਅਧੀਨ ਰਕਬੇ ਵਿੱਚ ਵਾਧਾ ਹੋਇਆ ਹੈ। ਤੱਥਾਂ ਦਾ ਹਵਾਲਾ ਦਿੰਦਿਆਂ ਸ੍ਰੀ ਕਟਾਰੂਚੱਕ ਨੇ ਕਿਹਾ ਕਿ 2021 ਵਿੱਚ ਜੰਗਲਾਤ ਅਧੀਨ ਖੇਤਰ 3144.47 ਵਰਗ ਕਿਲੋਮੀਟਰ ਸੀ ਜਦੋਂ ਕਿ 2023 ਵਿੱਚ ਇਹ ਵਧ ਕੇ 3321.24 ਵਰਗ ਕਿਲੋਮੀਟਰ ਹੋ ਗਿਆ ਹੈ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ ਦੇ ਸਕੱਤਰ ਸ੍ਰੀ ਪ੍ਰਿਯਾਂਕ ਭਾਰਤੀ, ਜੰਗਲਾਤ ਦੇ ਪ੍ਰਮੁੱਖ ਮੁੱਖ ਵਣਪਾਲ (ਜੰਗਲਾਤ ਬਲ ਦੇ ਮੁਖੀ) ਸ੍ਰੀ ਧਰਮਿੰਦਰ ਸ਼ਰਮਾ ਅਤੇ ਵਣਪਾਲ, ਜੰਗਲਾਤ (ਸ਼ਿਵਾਲਿਕ ਸਰਕਲ) ਸ੍ਰੀ ਕੰਨਨ ਮੌਜੂਦ ਸਨ।

ਜ਼ਿਲ੍ਹਾ ਸਿਹਤ ਵਿਭਾਗ ਵੱਲੋਂ ਅਰਬਨ ਅਬੋਹਰ ਦੇ ਫ਼ੀਲਡ ਸਟਾਫ਼ ਦੀ ਵੱਖ-ਵੱਖ ਸਿਹਤ ਸੇਵਾਵਾਂ ਸਬੰਧੀ ਕੀਤੀ ਮੀਟਿੰਗ

ਅਬੋਹਰ, 21 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਡਾਕਟਰ ਰਾਜ ਕੁਮਾਰ ਸਿਵਲ ਸਰਜਨ ਫਾਜ਼ਿਲਕਾ ਜੀ ਦੀ ਉਚੇਚੀ ਨਿਗਰਾਨੀ, ਸਹਾਇਕ ਸਿਵਲ ਸਰਜਨ ਡਾਕਟਰ ਰੋਹਿਤ ਗੋਇਲ ਦੀ ਦੇਖ-ਰੇਖ ਡਾਕਟਰ ਕਵਿਤਾ ਸਿੰਘ ਜ਼ਿਲ੍ਹਾ ਪਰਿਵਾਰ ਭਲਾਈ ਅਫ਼ਸਰ, ਡਾਕਟਰ ਸੁਨੀਤਾ ਜ਼ਿਲ੍ਹਾ ਐਪੀਡਿਮਾਲੋਜਿਸਟ ਅਤੇ ਡਾਕਟਰ ਗਗਨਦੀਪ ਸਿੰਘ ਕਾਰਜਕਾਰੀ ਸੀਨੀਅਰ ਮੈਡੀਕਲ ਅਫ਼ਸਰ ਦੀ ਹਾਜਰੀ ਵਿੱਚ ਅਰਬਨ ਅਬੋਹਰ ਦੀਆਂ ਸਮੂਹ ਏ.ਐਨ.ਐਮ., ਮਲਟੀ ਪਰਪਜ਼ ਹੈਲਥ ਵਰਕਰ ਮੇਲ ਅਤੇ ਆਸ਼ਾ ਦੀ ਆਭਾ ਆਈ.ਡੀ. ਅਤੇ ਐਂਟੀ ਡੇਂਗੂ ਗਤੀਵਿਧੀਆਂ ਸਬੰਧੀ ਮੀਟਿੰਗ ਕੀਤੀ ਗਈ।

ਡਾਕਟਰ ਕਵਿਤਾ ਸਿੰਘ ਨੇ ਕਿਹਾ ਕਿ ਸਿਹਤ ਵਿਭਾਗ ਵੱਲੋਂ ਓਪੀਡੀ ਪਰਚੀ ਦਾ ਕੰਮ ਆਨਲਾਈਨ ਕੀਤਾ ਜਾ ਰਿਹਾ ਹੈ, ਜਿਸ ਲਈ ਜਰੂਰੀ ਹੈ ਕਿ ਫੀਲਡ ਸਟਾਫ, ਖਾਸਤੌਰ ਤੇ ਸਮੂਹ ਆਸ਼ਾ ਵਰਕਰਾਂ ਵੱਲੋਂ ਆਪਣੇ ਏਰੀਏ ਵਿੱਚ 100 ਪ੍ਰਤੀਸ਼ਤ ਆਭਾ ਆਈ ਡੀ ਬਣਾਉਣਾ ਯਕੀਨੀ ਬਣਾਇਆ ਜਾਵੇ। ਇਸ ਦੇ ਨਾਲ ਹੀ ਉਹਨਾਂ ਨੇ ਕਿਹਾ ਕਿ ਜੱਚਾ ਬੱਚਾ ਮੌਤ ਦਰ ਤੇ ਠੱਲ ਪਾਉਣ ਲਈ ਉੱਚ ਜੋਖਮ ਵਾਲੀ ਗਰਭਵਤੀ ਔਰਤਾਂ ਦੀ ਨਿਯਮਿਤ ਜਾਂਚ ਅਤੇ ਫੋਲੋ ਅਪ ਕੀਤਾ ਜਾਵੇ। ਗਰਭਵਤੀ ਔਰਤਾਂ ਦੀ ਰਜਿਸ਼ਟ ?ਰੇਸ਼ਨ ਸਮੇਂ ਸਿਰ ਕਰਵਾਈ ਜਾਵੇ ਅਤੇ ਉਹਨਾਂ ਦੇ ਘੱਟੋਂ ਘੱਟ 4 ਚੈੱਕਅੱਪ ਜਰੂਰ ਕਰਵਾਏ ਜਾਣ, ਤਾਂ ਕਿ ਜਨੇਪੇ ਸਮੇਂ ਕੋਈ ਮੁਸ਼ਕਿਲ ਨਾ ਆਵੇ। ਉਹਨਾਂ ਨੇ ਵਿਭਾਗ ਵੱਲੋਂ ਚੱਲ ਰਹੀ ਪਰਿਵਾਰ ਨਿਯੋਜਨ ਮੁਹਿੰਮ ਅਤੇ ਦਸਤ ਰੋਕੂ ਪੰਦਰਵਾੜੇ ਬਾਰੇ ਵੀ ਜਾਣਕਾਰੀ ਦਿੱਤੀ।

ਡਾਕਟਰ ਸੁਨੀਤਾ ਜ਼ਿਲ੍ਹਾ ਐਪੀਡਿਮਾਲੋਜਿਸਟ ਨੇ ਐਂਟੀ ਡੇਂਗੂ ਮੁਹਿੰਮ ਬਾਰੇ ਕਿਹਾ ਕਿ ਬਰਸਾਤ ਦੇ ਮੌਸਮ ਵਿੱਚ ਥਾਂ-ਥਾਂ 'ਤੇ ਪਾਣੀ ਜਮ ?ਹਾਂ ਹੋਣ ਕਾਰਨ ਮੱਛਰਾਂ ਦੀ ਪੈਦਾਵਾਰ ਵੱਧ ਜਾਂਦੀ ਹੈ, ਜਿਸ ਨਾਲ ਡੇਂਗੂ, ਮਲੇਰੀਆ ਅਤੇ ਚਿਕਨਗੁਨੀਆ ਬੁਖਾਰ ਹੋਣ ਦਾ ਖ਼ਤਰਾ ਵੱਧ ਜਾਂਦਾ ਹੈ। ਉਹਨਾਂ ਨੇ ਫੀਲਡ ਸਟਾਫ ਨੂੰ ਕਿਹਾ ਕਿ ਉਹ ਸਿਹਤ ਵਿਭਾਗ ਵੱਲੋਂ ਚਲਾਈ ਜਾ ਰਹੀ ਡੇਂਗੂ ਤੇ ਵਾਰ ਮੁਹਿੰਮ ਅਧੀਨ ਐਂਟੀ ਲਾਰਵਾ ਗਤੀਵਿਧੀਆਂ ਕਰਨ ਦੇ ਨਾਲ ਨਾਲ ਲੋਕਾਂ ਨੂੰ ਇਸ ਬਾਰੇ ਜਾਗਰੂਕ ਕਰਨ। ਐਂਟੀ ਡੇਂਗੂ ਗਤੀਵਿਧੀਆਂ ਵਿਚ ਆਸ਼ਾ ਵਰਕਰਾਂ ਦੀ ਸ਼ਮੂਲੀਅਤ ਯਕੀਨੀ ਬਣਾਈ ਜਾਵੇ। ਇਸ ਦੌਰਾਨ ਉਹਨਾਂ ਵਲੋਂ ਡੇਂਗੂ ਮੁਹਿੰਮ ਤਹਿਤ ਰੱਖੇ ਗਏ ਬਰੀਡਿੰਗ ਚੇਕਰਾਂ ਦੀ ਕਾਰਗੁਜ਼ਾਰੀ ਦਾ ਵੀ ਨਿਰੀਖਣ ਕੀਤਾ ਗਿਆ। ਇਸ ਮੌਕੇ ਡਾਕਟਰ ਸੁਰੇਸ਼ ਕੰਬੋਜ, ਅਤਿੰਦਰ ਸਿੰਘ, ਟਹਿਲ ਸਿੰਘ, ਭਾਰਤ ਸੇਠੀ, ਦਿਨੇਸ਼ ਹਾਜ਼ਰ ਸਨ

ਸਖੀ ਵਨ ਸਟਾਪ ਸੈਂਟਰ ਤਹਿਤ ਜਾਗਰੂਕਤਾ ਪ੍ਰੋਗਰਾਮ ਅਤੇ ਪ੍ਰਧਾਨ ਮੰਤਰੀ ਮਾਤਰੂ ਵੰਦਨਾਂ ਯੋਜਨਾ ਦੇ ਫਾਰਮ ਭਰੇ ਗਏ

ਫਾਜ਼ਿਲਕਾ, 21 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਜ਼ਿਲ੍ਹਾ ਪ੍ਰੋਗਰਾਮ ਅਫਸਰ ਫਾਜਿਲਕਾ ਸ਼੍ਰੀ ਮਤੀ ਨਵਦੀਪ ਕੌਰ ਦੇ ਦਿਸ਼ਾ-ਨਿਰਦੇਸ਼ਾ ਤਹਿਤ ਫਾਜਿਲਕਾ ਵਿਖੇ ਸਖੀ ਵਨ ਸਟਾਪ ਸੈਂਟਰ ਵੱਲੋਂ ਔਰਤਾਂ ਨੂੰ ਉਨ੍ਹਾਂ ਦੇ ਅਧਿਕਾਰਾਂ ਪ੍ਰਤੀ ਜਾਗਰੂਕ ਕਰਨ ਲਈ ਜਾਗਰੂਕਤਾ ਪ੍ਰੋਗਰਾਮ ਅਤੇ ਪ੍ਰਧਾਨ ਮੰਤਰੀ ਮਾਤਰੂ ਵੰਦਨਾਂ ਯੋਜਨਾ ਦੇ ਫਾਰਮ ਭਰੇ ਗਏ।

ਡੀਐਚਈਡਬਲਿਓ ਅਤੇ ਸੁਪਰਵਾਈਜਰ ਨੇ ਕਿਹਾ ਕਿ ਪ੍ਰਧਾਨ ਮੰਤਰੀ ਮਾਤਰੂ ਵੰਦਨਾਂ ਯੋਜਨਾ ਬਾਰੇ ਆਂਗਣਵਾੜੀ ਵਰਕਰਾਂ ਵੱਲੋਂ ਫਾਰਮ ਭਰੇ ਗਏ। ਪ੍ਰਧਾਨ ਮੰਤਰੀ ਮਾਤਰੂ ਵੰਦਨਾਂ ਯੋਜਨਾ ਦੇ ਟੀਚੇ ਨੂੰ ਪੂਰਾ ਕਰਨ ਲਈ ਇਹ ਮੁਹਿੰਮ 15 ਜੁਲਾਈ ਤੋਂ 31 ਜੁਲਾਈ 2025 ਤੱਕ ਚਲਾਈ ਜਾ ਰਹੀ ਹੈ। ਸਖੀ ਵਨ ਸਟਾਪ ਸੈਂਟਰ ਵੱਲੋਂ ਜ਼ਿਨ੍ਹਾਂ ਨਾਲ ਕਿਸੇ ਪ੍ਰਕਾਰ ਦੀ ਹਿੰਸਾ ਜਿਵੇਂ ਕਿ ਘਰੇਲੂ ਹਿੰਸਾ, ਬਲਾਤਕਾਰ, ਤੇਜਾਬੀ ਹਮਲਾ, ਜਿਨਸੀ ਹਮਲਾ, ਛੇੜਛਾੜ ਆਦਿ ਤੋਂ ਪੀੜਿਤ ਹੋਣ ਦੀ ਹਾਲਤ ਵਿਚ ਉਨ੍ਹਾਂ ਨੂੰ ਇਕ ਹੀ ਛੱਤ ਹੇਠ ਜ਼ਰੂਰਤ ਅਨੁਸਾਰ ਵੱਖ-ਵੱਖ ਸੇਵਾਵਾਂ ਜਿਵੇਂ ਕਿ ਪੁਲਿਸ ਸਹਾਇਤਾ, ਕਾਨੂੰਨੀ ਸਹਾਇਤਾ, ਡਾਕਟਰੀ ਸਹਾਇਤਾ, ਮਨੋਵਿਗਿਆਨਕ ਸਲਾਹ ਅਤੇ ਅਸਥਾਈ ਰਿਹਾਇਸ਼ ਮੁਹੱਈਆ ਕਰਵਾਈ ਜਾਂਦੀ ਹੈ।

ਉਨ੍ਹਾਂ ਔਰਤਾਂ ਦੇ ਹੱਕਾਂ ਬਾਰੇ ਜਾਗਰੂਕ ਕਰਦੇ ਹੋਏ ਕਿਹਾ ਕਿ ਜੇਕਰ ਆਲੇ ਦੁਆਲੇ ਕਿਸੇ ਵੀ ਔਰਤ ਨਾਲ ਇਸ ਤਰ੍ਹਾਂ ਦੀ ਹਿੰਸਾ ਹੁੰਦੀ ਹੈ ਤਾਂ ਉਹ ਸੈਂਟਰ ਨਾਲ ਸੰਪਰਕ ਕਰ ਸਕਦੇ ਹਨ। ਇਸ ਮੌਕੇ ਸਰਕਲ ਸੁਪ

ਪੰਜਾਬ ਰਾਜ ਵਿੱਚ ਵਿੱਤੀ ਸਮਾਵੇਸ਼ ਸਕੀਮਾਂ ਲਈ 3 ਮਹੀਨਿਆਂ ਦੀ ਸੰਤ੍ਰਿਪਤ ਮੁਹਿੰਮ ਸ਼ੁਰੂ

ਪੰਜਾਬ ਰਾਜ ਦੀਆਂ ਸਾਰੀਆਂ ਗ੍ਰਾਮ ਪੰਚਾਇਤਾਂ ਵਿੱਚ ਲਗਾਏ ਜਾਣਗੇ ਜਾਗਰੂਕਤਾ ਕੈਂਪ: ਮੀਨਾ

ਮੁਹਾਲੀ, 21 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਭਾਰਤ ਸਰਕਾਰ, ਸੇਵਾਵਾਂ ਵਿਭਾਗ, ਵਿੱਤ ਮੰਤਰਾਲਾ ਨਵੀਂ ਦਿੱਲੀ ਦੁਆਰਾ ਵਿਤੀ ਸਮਾਵੇਸ਼ ਯੋਜਨਾਵਾਂ ਵਿੱਚ ਸਾਰੇ ਵਾਂਝੇ ਲੋਕਾਂ ਨੂੰ ਸ਼ਾਮਲ ਕਰਨ ਦੇ ਉਦੇਸ਼ ਨਾਲ 01 ਜੁਲਾਈ ਤੋਂ 30 ਸਤੰਬਰ, 2025 ਤੱਕ ਗ੍ਰਾਮ ਪੰਚਾਇਤ ਪੱਧਰ 'ਤੇ 3 ਮਹੀਨੇ ਦੀ ਸੰਤ੍ਰਿਪਤ ਮੁਹਿੰਮ ਤਹਿਤ ਵਿਸ਼ੇਸ਼ ਰਜਿਸਟ ?ਰੇਸ਼ਨ ਮੁਹਿੰਮ ਚਲਾ ਰਿਹਾ ਹੈ।

ਪੰਜਾਬ ਨੈਸ਼ਨਲ ਬੈਂਕ ਦੇ ਡਿਪਟੀ ਜਨਰਲ ਮੈਨੇਜਰ ਅਤੇ ਸਟੇਟ ਲੈਵਲ ਬੈਂਕਰਜ਼ ਕਮੇਟੀ, ਪੰਜਾਬ ਦੇ ਡਿਪਟੀ ਕਨਵੀਨਰ ਸ਼ ?ਰੀ ਰਾਮਕਿਸ਼ੋਰ ਮੀਨਾ ਵੱਲੋਂ ਇਹ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਸ ਵਿਸ਼ੇਸ਼ ਮੁਹਿੰਮ ਤਹਿਤ ਪੰਜਾਬ ਰਾਜ ਦੀ ਹਰੇਕ ਗ੍ਰਾਮ ਪੰਚਾਇਤ ਵਿੱਚ ਵਿਸ਼ੇਸ਼ ਕੈਂਪ ਲਗਾਏ ਜਾਣਗੇ। ਇਸ ਵਿਸ਼ੇ 'ਤੇ 24 ਜੂਨ 2025 ਨੂੰ ਸ਼ ?ਰੀ ਕ੍ਰਿਸ਼ਨ ਕੁਮਾਰ ਪ੍ਰਮੁੱਖ ਸਕੱਤਰ ਵਿੱਤ ਦੀ ਪ੍ਰਧਾਨਗੀ ਹੇਠ ਰਾਜ ਪੱਧਰੀ ਬੈਂਕਰਜ਼ ਕਮੇਟੀ, ਪੰਜਾਬ ਦੀ ਵਿਸ਼ੇਸ਼ ਮੀਟਿੰਗ ਆਯੋਜਿਤ ਕੀਤੀ ਗਈ ਸੀ ਜਿਸ ਵਿੱਚ ਸਾਰੇ ਬੈਂਕਾਂ ਅਤੇ ਜ਼ਿਲ੍ਹਾ ਕਲੈਕਟਰਾਂ ਨੂੰ ਜ਼ਰੂਰੀ ਦਿਸ਼ਾ-ਨਿਰਦੇਸ਼ ਦਿੱਤੇ ਗਏ ਹਨ। ਗ੍ਰਾਮ ਪੰਚਾਇਤਾਂ ਵਿੱਚ ਕੈਂਪ ਦੌਰਾਨ, ਨੇੜਲੇ ਬੈਂਕਾਂ ਦੇ ਸ਼ਾਖਾ ਪ੍ਰਬੰਧਕ ਅਤੇ ਵੱਖ-ਵੱਖ ਸਰਕਾਰੀ ਵਿਭਾਗਾਂ ਦੇ ਅਧਿਕਾਰੀ ਮੌਜੂਦ ਰਹਿਣਗੇ। ਮੁਹਿੰਮ ਵਿੱਚ ਮੁੱਖ ਤੌਰ 'ਤੇ ਕਲਿਆਣਕਾਰੀ ਯੋਜਨਾਵਾਂ ਦੀ ਜਾਣਕਾਰੀ ਦਿੱਤੀ ਜਾ ਰਹੀ ਹੈ ਅਤੇ ਵਾਂਝੇ ਲਾਭਪਾਤਰੀਆਂ ਤੋਂ ਮੌਕੇ 'ਤੇ ਹੀ ਅਰਜ਼ੀ ਫਾਰਮ ਪ੍ਰਾਪਤ ਕੀਤੇ ਜਾ ਰਹੇ ਹਨ। ਉਨ੍ਹਾਂ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਜਨ-ਧਨ ਖਾਤਿਆਂ ਨੂੰ ਚਾਲੂ ਕਰਨ ਲਈ ਅਕਿਰਿਆਸ਼ੀਲ ਖਾਤਿਆਂ ਵਿੱਚ ਕੇਵਾਈਸੀ ਦਸਤਾਵੇਜ਼ ਪ੍ਰਾਪਤ ਕਰਨੇ ਹੋਣਗੇ। ਜਿਨ੍ਹਾਂ ਬਾਲਗਾਂ ਕੋਲ ਹੁਣ ਤੱਕ ਬੈਂਕ ਖਾਤਾ ਨਹੀਂ ਹੈ, ਉਨ੍ਹਾਂ ਦਾ ਪ੍ਰਧਾਨ ਮੰਤਰੀ ਜਨ ਧਨ ਯੋਜਨਾ ਅਧੀਨ ਖਾਤਾ ਖੋਲ੍ਹਣਾ ਯਕੀਨੀ ਬਣਾਉਣਾ ਹੈ। ਪ੍ਰਧਾਨ ਮੰਤਰੀ ਜੀਵਨ ਜਯੋਤੀ ਬੀਮਾ ਅਤੇ ਪ੍ਰਧਾਨ ਮੰਤਰੀ ਸੁਰਕਸ਼ਾ ਬੀਮਾ ਯੋਜਨਾ ਵਿੱਚ ਰਜਿਸਟ ?ਰੇਸ਼ਨ ਅਤੇ ਯੋਗ ਵਿਅਕਤੀਆਂ ਦੀ ਅਟਲ ਪੈਨਸ਼ਨ ਯੋਜਨਾ ਵਿੱਚ ਰਜਿਸਟ ?ਰੇਸ਼ਨ ਕੀਤੀ ਜਾਵੇਗੀ। ਡਿਜੀਟਲ ਧੋਖਾਧੜੀ ਤੋਂ ਬਚਣ ਦੇ ਉਪਾਅ ਦੱਸਣਾ, ਦਾਅਵਾ ਨਾ ਕੀਤੀਆਂ ਰਕਮਾਂ ਬਾਰੇ ਜਾਣਕਾਰੀ, 10 ਸਾਲ ਤੋਂ ਵੱਧ ਪੁਰਾਣੀਆਂ ਜਮ ?ਹਾਂ ਰਕਮਾਂ ਨੂੰ ਕਿਵੇਂ ਪ੍ਰਾਪਤ ਕਰਨ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਜਾਵੇਗੀ। 2014 ਤੋਂ 2016 ਤੱਕ ਖੋਲ੍ਹੇ ਗਏ ਪ੍ਰਧਾਨ ਮੰਤਰੀ ਜਨ-ਧਨ ਖਾਤਿਆਂ ਦਾ ਰੀ-ਕੇਵਾਈਸੀ ਕੀਤਾ ਜਾਵੇਗਾ ਅਤੇ ਇਸ ਦੇ ਲਈ ਸ਼ਿਕਾਇਤ ਨਿਵਾਰਣ ਦੀ ਪ੍ਰਕਿਰਿਆ ਬਾਰੇ ਜਾਣਕਾਰੀ ਦਿੱਤੀ ਜਾਵੇਗੀ।

ਇਸ ਤੋਂ ਇਲਾਵਾ ਉਨ੍ਹਾਂ ਨੇ ਦੱਸਿਆ ਕਿ ਇਸ ਵਿਸ਼ੇਸ਼ ਮੁਹਿੰਮ ਨੂੰ ਸੁਚਾਰੂ ਢੰਗ ਨਾਲ ਲਾਗੂ ਕਰਨ ਲਈ ਜ਼ਿਲ੍ਹਾ ਕਲੈਕਟਰ ਅਤੇ ਮੁੱਖ ਜ਼ਿਲ੍ਹਾ ਮੈਨੇਜਰ ਦੁਆਰਾ ਸਾਰੀਆਂ ਗ੍ਰਾਮ ਪੰਚਾਇਤਾਂ ਵਿੱਚ ਕੈਂਪ ਲਗਾਉਣ ਦੀਆਂ ਮਿਤੀਆਂ ਨਿਰਧਾਰਿਤ ਕੀਤੀਆਂ ਜਾ ਚੁੱਕੀਆਂ ਹਨ।

ਸ਼੍ਰੀ ਰਾਮਕਿਸ਼ੋਰ ਮੀਨਾ ਨੇ ਕਿਹਾ ਕਿ ਆਗਾਮੀ ਹਰੇਕ ਕੈਂਪ ਦੌਰਾਨ, ਬੈਂਕ ਅਧਿਕਾਰੀ ਮੌਜੂਦ ਰਹਿਣਗੇ ਅਤੇ ਵੱਖ-ਵੱਖ ਜਾਣਕਾਰੀ ਦੇਣ ਦੇ ਨਾਲ-ਨਾਲ ਜਨਤਕ ਸੁਰੱਖਿਆ ਯੋਜਨਾਵਾਂ ਅਤੇ ਅਕਿਰਿਆਸ਼ੀਲ ਖਾਤਿਆਂ ਵਿੱਚ ਕੇਵਾਈਸੀ ਦਸਤਾਵੇਜ਼ ਵੀ ਮੌਕੇ 'ਤੇ ਪ੍ਰਾਪਤ ਕੀਤੇ ਜਾਣਗੇ। ਵਿੱਤੀ ਲੈਣ-ਦੇਣ ਵਿੱਚ ਸਾਵਧਾਨੀ ਅਤੇ ਧੋਖਾਧੜੀ ਤੋਂ ਬਚਣ ਦੇ ਉਪਾਵਾਂ ਬਾਰੇ ਵੀ ਵਿਸਥਾਰਪੂਰਵਕ ਚਰਚਾ ਕੀਤੀ ਜਾਵੇਗੀ।

ਸ਼ ?ਰੀ ਮੀਨਾ ਨੇ ਦੱਸਿਆ ਕਿ ਪੰਜਾਬ ਰਾਜ ਵਿੱਚ ਪੰਜਾਬ ਨੈਸ਼ਨਲ ਬੈਂਕ, ਰਾਜ ਪੱਧਰੀ ਬੈਂਕਰਜ਼ ਕਮੇਟੀ, ਪੰਜਾਬ ਦੇ ਕੋਆਰਡੀਨੇਟਰ ਵਜੋਂ ਕੰਮ ਕਰ ਰਿਹਾ ਹੈ ਅਤੇ ਸਾਰੀਆਂ ਸਰਕਾਰੀ ਯੋਜਨਾਵਾਂ ਨੂੰ ਆਮ ਲੋਕਾਂ ਤੱਕ ਪਹੁੰਚਾਉਣ ਦਾ ਕੰਮ ਰਾਜ ਵਿੱਚ ਕੰਮ ਕਰ ਰਹੀਆਂ 7551 ਬੈਂਕ ਸ਼ਾਖਾਵਾਂ ਦੁਆਰਾ ਕੀਤਾ ਜਾ ਰਿਹਾ ਹੈ। ਰਾਜ ਵਿੱਚ 7517 ਏ.ਟੀ.ਐਮ ਅਤੇ 6616 ਬੀ.ਸੀ. ਦੁਆਰਾ ਬੈਂਕਿੰਗ ਸਹੂਲਤਾਂ ਵੀ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ। ਰਾਜ ਵਿੱਚ 36 ਵਿੱਤੀ ਜਾਗਰੂਕਤਾ ਕੇਂਦਰਾਂ ਰਾਹੀਂ ਵੀ ਆਮ ਲੋਕਾਂ ਨੂੰ ਵੱਖ-ਵੱਖ ਯੋਜਨਾਵਾਂ ਦੀ ਨਿਯਮਿਤ ਤੌਰ 'ਤੇ ਜਾਣਕਾਰੀ ਦਿੱਤੀ ਜਾਂਦੀ ਹੈ। ਵਧੇਰੇ ਜਾਣਕਾਰੀ ਲਈ ਕੋਈ ਵੀ ਵਿਅਕਤੀ ਆਪਣੀ ਨੇੜਲੀ ਸ਼ਾਖਾ ਨਾਲ ਸੰਪਰਕ ਕਰ ਸਕਦਾ ਹੈ। ਉਨ੍ਹਾਂ ਨੇ ਦੱਸਿਆ ਕਿ 1 ਜੁਲਾਈ ਤੋਂ 15 ਜੁਲਾਈ ਤੱਕ 2833 ਕੈਂਪ ਲਗ ਚੁੱਕੇ ਹਨ।

ਪੰਜਾਬ ਨੈਸ਼ਨਲ ਬੈਂਕ ਦੇ ਡਿਪਟੀ ਜਨਰਲ ਮੈਨੇਜਰ ਸ੍ਰੀ ਪੰਕਜ ਆਨੰਦ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਸੁਰਕਸ਼ਾ ਬੀਮਾ ਯੋਜਨਾ ਤਹਿਤ 18 ਤੋਂ 70 ਸਾਲ ਦੀ ਉਮਰ ਵਰਗ ਲਈ 20 ਰੁਪਏ ਸਾਲਾਨਾ ਪ੍ਰੀਮੀਅਮ ਦਾ ਭੁਗਤਾਨ ਕਰਕੇ 2 ਲੱਖ ਰੁਪਏ ਤੱਕ ਦਾ ਦੁਰਘਟਨਾ ਬੀਮਾ ਅਤੇ ਪ੍ਰਧਾਨ ਮੰਤਰੀ ਜੀਵਨ ਜੋਤੀ ਬੀਮਾ ਤਹਿਤ 18 ਤੋਂ 50 ਸਾਲ ਦੀ ਉਮਰ ਵਰਗ ਲਈ 436 ਰੁਪਏ ਸਾਲਾਨਾ ਪ੍ਰੀਮੀਅਮ ਦਾ ਭੁਗਤਾਨ ਕਰਕੇ 2 ਲੱਖ ਰੁਪਏ ਤੱਕ ਦਾ ਮੌਤ ਬੀਮਾ ਉਪਲਬਧ ਹੈ। ਉਨ੍ਹਾਂ ਦੱਸਿਆ ਕਿ ਅਟਲ ਪੈਨਸ਼ਨ ਯੋਜਨਾ ਵਿੱਚ 60 ਸਾਲ ਦੀ ਉਮਰ ਤੋਂ ਬਾਅਦ 1000 ਤੋਂ 5000 ਰੁਪਏ ਤੱਕ ਮਹੀਨਾਵਾਰ ਪੈਨਸ਼ਨ ਪ੍ਰਾਪਤ ਕਰਨ ਦੀ ਵਿਵਸਥਾ ਹੈ ਜਿਸ ਲਈ 18 ਤੋਂ 40 ਸਾਲ ਦੇ ਲੋਕ ਯੋਗ ਹਨ। ਭਾਰਤੀ ਰਿਜ਼ਰਵ ਬੈਂਕ ਦੇ ਉਦਗਮ ਪੋਰਟਲ 'ਤੇ ਕੋਈ ਵੀ ਆਪਣੀਆਂ 10 ਸਾਲ ਤੋਂ ਵੱਧ ਪੁਰਾਣੀਆਂ ਜਮ ?ਹਾਂ ਰਕਮਾਂ ਦੀ ਜਾਣਕਾਰੀ ਪ੍ਰਾਪਤ ਕਰ ਸਕਦਾ ਹੈ। ਗ੍ਰਾਹਕ ਸ਼ਿਕਾਇਤ ਦਾ ਨਿਪਟਾਰਾ ਸਬੰਧਿਤ ਬੈਂਕ ਵਿੱਚ 30 ਦਿਨਾਂ ਦੇ ਅੰਦਰ ਨਾ ਹੋਣ 'ਤੇ ਭਾਰਤੀ ਰਿਜ਼ਰਵ ਬੈਂਕ ਕੋਲ cms.rbi.org.in 'ਤੇ ਔਨਲਾਈਨ ਸ਼ਿਕਾਇਤ ਦਰਜ ਕਰਵਾ ਸਕਦੇ ਹਨ ਅਤੇ ਭੌਤਿਕ ਰੂਪ ਵਿੱਚ ਭਾਰਤੀ ਰਿਜ਼ਰਵ ਬੈਂਕ ਦੇ ਕੇਂਦਰੀ ਸ਼ਿਕਾਇਤ ਨਿਵਾਰਣ ਸੈੱਲ ਚੰਡੀਗੜ੍ਹ ਵਿੱਚ ਦਰਜ ਕਰਵਾ ਸਕਦੇ ਹਨ।

ਇਸ ਮੌਕੇ ਪੀਐੱਨਬੀ ਦੇ ਐੱਲਡੀਐੱਮ ਸ਼ ?ਰੀ ਐੱਮ.ਕੇ. ਭਾਰਦਵਾਜ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਇਸ ਵਿਸ਼ੇਸ਼ ਮੁਹਿੰਮ ਦੇ ਕੈਂਪਾਂ ਵਿੱਚ ਸ਼ਾਮਲ ਹੋ ਕੇ ਭਾਰਤ ਸਰਕਾਰ ਵੱਲੋਂ ਚਲਾਈ ਜਾ ਰਹੀ ਵਿਸ਼ੇਸ਼ ਸੰਤ੍ਰਿਪਤਾ ਮੁਹਿੰਮ ਵਿੱਚ ਵੱਖ-ਵੱਖ ਯੋਜਨਾਵਾਂ ਦਾ ਲਾਭ ਉਠਾਓ।

ਰਿਸ਼ਵਤਖੋਰ ਇੰਸਪੈਕਟਰ ਨੂੰ ਅਦਾਲਤ ਨੇ ਸੁਣਾਈ ਸਜ਼ਾ

➢ ਜ਼ਿਲ੍ਹਾ ਸਾਂਝ ਕੇਂਦਰ ਖੰਨਾ ਦੇ ਸਾਬਕਾ ਇੰਚਾਰਜ ਨੂੰ ਪੰਜ ਸਾਲ ਦੀ ਕੈਦ ➢ ਨਾਲੇ ਕੀਤਾ 25,000 ਰੁਪਏ ਜੁਰਮਾਨਾ

ਲੁਧਿਆਣਾ, 21 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਅਦਾਲਤ ਨੇ ਰਿਸ਼ਵਤਖੋਰੀ ਦੇ ਮਾਮਲੇ ਵਿੱਚ ਮਹਿਲਾ ਇੰਸਪੈਕਟਰ ਨੂੰ ਦੋਸ਼ੀ ਕਰਾਰ ਦਿੰਦੇ ਹੋਏ ਸਖ਼ਤ ਸਜ਼ਾ ਸੁਣਾਈ ਹੈ। ਲੁਧਿਆਣਾ ਦੇ ਵਿਸ਼ੇਸ਼ ਜੱਜ ਅਮਰਿੰਦਰ ਸਿੰਘ ਸ਼ੇਰਗਿੱਲ ਦੀ ਅਦਾਲਤ ਨੇ ਜ਼ਿਲ੍ਹਾ ਸਾਂਝ ਕੇਂਦਰ ਖੰਨਾ ਦੇ ਸਾਬਕਾ ਇੰਚਾਰਜ ਇੰਸਪੈਕਟਰ ਪ੍ਰਵੀਨ ਸ਼ਰਮਾ ਨੂੰ ਪੰਜ ਸਾਲ ਦੀ ਸਖ਼ਤ ਕੈਦ ਅਤੇ 25,000 ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ। ਸਜ਼ਾ ਸੁਣਾਏ ਜਾਣ ਤੋਂ ਤੁਰੰਤ ਬਾਅਦ, ਪ੍ਰਵੀਨ ਸ਼ਰਮਾ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਜੇਲ੍ਹ ਭੇਜ ਦਿੱਤਾ ਗਿਆ। ਸਾਲ 2019 ਵਿੱਚ, ਵਿਜੀਲੈਂਸ ਬਿਊਰੋ ਨੇ ਪ੍ਰਵੀਨ ਸ਼ਰਮਾ ਨੂੰ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਫੜਿਆ ਸੀ। ਤੁਹਾਨੂੰ ਦੱਸ ਦੇਈਏ ਕਿ ਪਿੰਡ ਕਰਤਾਰਪੁਰ ਦੇ ਵਸਨੀਕ ਬਲਵਿੰਦਰ ਸਿੰਘ ਨੇ ਵਿਜੀਲੈਂਸ ਬਿਊਰੋ ਨੂੰ ਦਿੱਤੀ ਸ਼ਿਕਾਇਤ ਵਿੱਚ ਦੋਸ਼ ਲਗਾਇਆ ਸੀ ਕਿ ਉਸਦੀ ਭੈਣ ਹਰਵਿੰਦਰ ਕੌਰ ਦੇ ਪਤੀ ਦੀ ਮੌਤ ਤੋਂ ਬਾਅਦ, ਉਸਦੇ ਸਹੁਰਿਆਂ ਨੇ ਉਸਨੂੰ ਘਰੋਂ ਕੱਢ ਦਿੱਤਾ ਸੀ। ਇਸ ਮਾਮਲੇ ਵਿੱਚ, ਹਰਵਿੰਦਰ ਨੇ ਆਪਣੇ ਸਹੁਰਿਆਂ ਵਿਰੁੱਧ ਡੀਐਸਪੀ ਹੌਂਡ ਕੁਆਰਟਰ ਖੰਨਾ ਨੂੰ ਸ਼ਿਕਾਇਤ ਦਰਜ ਕਰਵਾਈ ਸੀ। ਜਾਂਚ ਦੀ ਜ਼ਿੰਮੇਵਾਰੀ ਜ਼ਿਲ੍ਹਾ ਸਾਂਝ ਕੇਂਦਰ ਖੰਨਾ ਦੇ ਇੰਚਾਰਜ ਇੰਸਪੈਕਟਰ ਪ੍ਰਵੀਨ ਸ਼ਰਮਾ ਨੂੰ ਸੌਂਪੀ ਗਈ ਸੀ।

ਇਲਜ਼ਾਮ ਸੀ ਕਿ ਇੰਸਪੈਕਟਰ ਪ੍ਰਵੀਨ ਸ਼ਰਮਾ ਨੇ ਦੋਵਾਂ ਧਿਰਾਂ ਨੂੰ 3 ਲੱਖ ਰੁਪਏ ਵਿੱਚ ਮਾਮਲਾ ਸੁਲਝਾ ਦਿੱਤਾ। ਉਸਨੂੰ ਪਹਿਲੀ ਕਿਸ਼ਤ ਵਜੋਂ 1 ਲੱਖ ਰੁਪਏ ਮਿਲੇ ਸਨ ਪਰ ਬਾਕੀ 2 ਲੱਖ ਰੁਪਏ ਲੈਣ ਲਈ ਪ੍ਰਵੀਨ ਸ਼ਰਮਾ ਨੇ ਬਲਵਿੰਦਰ ਸਿੰਘ ਤੋਂ 30,000 ਰੁਪਏ ਦੀ ਮੰਗ ਕੀਤੀ। ਕਾਫ਼ੀ ਸੌਦੇਬਾਜ਼ੀ ਤੋਂ ਬਾਅਦ, ਸੌਦਾ 15 ਹਜ਼ਾਰ ਰੁਪਏ ਵਿੱਚ ਤੈਅ ਹੋਇਆ। ਬਲਵਿੰਦਰ ਨੇ ਇਸ ਬਾਰੇ ਵਿਜੀਲੈਂਸ ਨੂੰ ਸੂਚਿਤ ਕੀਤਾ। ਇਸ ਤੋਂ ਬਾਅਦ, ਵਿਜੀਲੈਂਸ ਟੀਮ ਨੇ ਇੱਕ ਸਰਕਾਰੀ ਗਵਾਹ ਦੀ ਹਾਜ਼ਰੀ ਵਿੱਚ, ਇੰਸਪੈਕਟਰ ਪ੍ਰਵੀਨ ਸ਼ਰਮਾ ਨੂੰ 15,000 ਰੁਪਏ ਦੀ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਗ੍ਰਿਫ਼ਤਾਰ ਕਰ ਲਿਆ।

ਸਿਹਤ ਮੰਤਰੀ ਨੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਲੋਕਾਂ ਨੂੰ ਲਾਮਬੰਦ ਹੋਣ ਦਾ ਦਿੱਤਾ ਸੱਦਾ

ਪਟਿਆਲਾ, 21 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ: ਬਲਬੀਰ ਸਿੰਘ ਨੇ ਅੱਜ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੇ ਗਏ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਦੂਸਰੇ ਪੜਾਅ ਤਹਿਤ ਪਟਿਆਲਾ ਦਿਹਾਤੀ ਦੇ ਪਿੰਡਾਂ ਫਰੀਦਪੁਰ, ਮਿਰਜ਼ਾਪੁਰ, ਮਾਜਰੀ ਅਕਾਲੀਆਂ, ਨਿਊ ਬਾਰਨ ਅਤੇ ਰੌਂਗਲਾ ਵਿਖੇ ਕੀਤੀਆਂ ਨਸ਼ਾ ਮੁਕਤੀ ਯਾਤਰਾਵਾਂ ਵਿੱਚ ਲੋਕਾਂ ਨੂੰ ਨਸ਼ਿਆਂ ਵਿਰੁੱਧ ਲਾਮਬੰਦ ਹੋਣ ਦਾ ਸੱਦਾ ਦਿੰਦਿਆਂ ਕਿਹਾ ਕਿ ਜੇਕਰ ਅਸੀਂ ਸਾਰੇ ਇਕ ਜੁੱਟ ਹੋ ਜਾਈਏ ਤਾਂ ਪੰਜਾਬ ਨੂੰ ਨਸ਼ਾ ਮੁਕਤ ਹੋਣ ਤੋਂ ਕੋਈ ਨਹੀ ਰੋਕ ਸਕਦਾ।

ਡਾ. ਬਲਬੀਰ ਸਿੰਘ ਨੇ ਕਿਹਾ ਕਿ ਇਹ ਯਾਤਰਾ, ਜੋ ਕਿ ਜਾਗਰੂਕਤਾ ਸਭਾਵਾਂ ਦੇ ਰੂਪ ਵਿੱਚ ਕੀਤੀ ਜਾ ਰਹੀ ਹੈ, ਰਾਹੀਂ ਹਰ ਘਰ ਤੱਕ ਇਹ ਸੁਨੇਹਾ ਪਹੁੰਚਾਇਆ ਜਾ ਰਿਹਾ ਹੈ ਕਿ ਨਸ਼ਿਆਂ ਦਾ ਖਾਤਮਾ ਕਰਨ ਲਈ ਸਰਕਾਰ ਵਚਨਬੱਧ ਹੈ। ਉਹਨਾਂ ਇਹ ਵੀ ਕਿਹਾ ਕਿ ਨਸ਼ਿਆਂ ਵਿਰੁੱਧ ਫੈਸਲਾਕੁੰਨ ਲੜਾਈ ਲਈ ਸ਼ੁਰੂ ਕੀਤੀ ਨਸ਼ਾ ਮੁਕਤੀ ਯਾਤਰਾ ਦੇ ਨਤੀਜੇ ਬਹੁਤ ਵਧੀਆ ਮਿਲ ਰਹੇ ਹਨ ਅਤੇ ਲੋਕਾਂ ਦਾ ਆਪ ਮੁਹਾਰਾ ਸਾਥ ਨਸ਼ਿਆਂ ਵਿਰੁੱਧ ਮਿਲ ਰਿਹਾ ਹੈ।

ਸਿਹਤ ਮੰਤਰੀ ਨੇ ਪਿੰਡਾਂ ਦੀਆਂ ਡਿਫੈਂਸ ਕਮੇਟੀਆਂ ਅਤੇ ਸਥਾਨਕ ਨਾਗਰਿਕਾਂ ਨੂੰ ਅਪੀਲ ਕੀਤੀ ਕਿ ਉਹ ਸਰਕਾਰ ਵੱਲੋਂ ਚਲਾਏ ਜਾ ਰਹੇ ਨਸ਼ਾ ਵਿਰੋਧੀ ਉਪਰਾਲਿਆਂ ਵਿੱਚ ਭਰਪੂਰ ਸਹਿਯੋਗ ਦੇਣ। ਉਹਨਾਂ ਨਸ਼ੇ ਦੀ ਲਤ 'ਚ ਫਸੇ ਵਿਅਕਤੀਆਂ ਨੂੰ ਸਰਕਾਰੀ ਨਸ਼ਾ ਮੁਕਤੀ ਕੇਂਦਰਾਂ 'ਚ ਲਿਜਾਣ ਦੀ ਅਪੀਲ ਕੀਤੀ, ਜਿੱਥੇ ਉਹਨਾਂ ਦਾ ਮੁਫ਼ਤ ਇਲਾਜ ਕਰਵਾਇਆ ਜਾਂਦਾ ਹੈ ਅਤੇ ਨਾਲ ਹੀ ਉਹਨਾਂ ਨੂੰ ਸਵੈ-ਰੋਜ਼ਗਾਰ ਵੀ ਬਣਾਇਆ ਜਾਂਦਾ ਹੈ।

ਇਸ ਮੌਕੇ ਡੀ ਐਸ ਪੀ ਮਨੋਜ ਗੌਰਸੀ, ਐਸ ਐਮ ਓ ਡਾਕਟਰ ਨਾਗਰਾ, ਜੈ ਪਾਲ ਸ਼ਰਮਾ ਅਤੇ ਵੱਡੀ ਗਿਣਤੀ ਵਿਚ ਪਿੰਡਾਂ ਦੇ ਲੋਕ ਹਾਜ਼ਰ ਸਨ।

ਵਿਧਾਇਕ ਛੀਨਾ ਦੀ ਪਹਿਲਕਦਮੀ ਸਦਕਾ ਲੋਹਾਰਾ ਨੂੰ ਮਿਲਿਆ ਨਵਾਂ ਸਪੋਰਟਸ ਪਾਰਕ

ਨੌਜਵਾਨ ਰਾਤ ਦੇ ਸਮੇਂ ਦੂਧੀਆ ਰੋਸ਼ਨੀ 'ਚ ਵੀ ਕ੍ਰਿਕਟ ਦਾ ਆਨੰਦ ਮਾਣ ਸਕਦੇ ਹਨ : ਰਾਜਿੰਦਰਪਾਲ ਕੌਰ ਛੀਨਾ

ਲੁਧਿਆਣਾ, 21 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਸੂਬੇ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੌਜਵਾਨੀ ਨੂੰ ਨਸ਼ਿਆਂ ਤੋਂ ਪਾਸਾ ਵੱਟ ਕੇ, ਪੰਜਾਬ ਨੂੰ ਖੇਡਾਂ ਦੇ ਖੇਤਰ ਵਿੱਚ ਮੋਹਰੀ ਸੂਬਾ ਬਣਾਉਣ ਲਈ ਵਚਨਬੱਧ ਹੈ ਜਿਸਦੇ ਤਹਿਤ ਵੱਖ-ਵੱਖ ਹਲਕਿਆਂ ਵਿੱਚ ਖੇਡ ਮੈਦਾਨਾਂ ਦਾ ਨਿਰਮਾਣ ਕਰਵਾਇਆ ਜਾ ਰਿਹਾ ਹੈ।

ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਵਿਧਾਨ ਸਭਾ ਹਲਕਾ ਲੁਧਿਆਣਾ ਦੱਖਣੀ ਤੋਂ ਵਿਧਾਇਕ ਰਾਜਿੰਦਰਪਾਲ ਕੌਰ ਛੀਨਾ ਵੱਲੋਂ ਲੋਹਾਰਾ ਵਿਖੇ ਖੇਡ ਪਾਰਕ ਦਾ ਉਦਘਾਟਨ ਕਰਦਿਆਂ ਕੀਤਾ।

ਵਿਧਾਇਕ ਛੀਨਾ ਵੱਲੋਂ ਸਪੋਰਟਸ ਪਾਰਕ ਨੂੰ ਲੋਕ ਅਰਪਿਤ ਕਰਕੇ ਬੱਚਿਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਇੱਕ ਤੋਹਫ਼ਾ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਇਸ ਖੇਡ ਪਾਰਕ ਵਿੱਚ ਬੱਚੇ ਅਤੇ ਨੌਜਵਾਨ ਰਾਤ ਦੇ ਸਮੇਂ ਦੂਧੀਆ ਰੋਸ਼ਨੀ ਵਿੱਚ ਵੀ ਮੁਫ਼ਤ ਨੈੱਟ ਕ੍ਰਿਕਟ ਖੇਡਣ ਦਾ ਆਨੰਦ ਮਾਣ ਸਕਦੇ ਹਨ।

ਵਿਧਾਇਕ ਰਾਜਿੰਦਰਪਾਲ ਕੌਰ ਛੀਨਾ ਨੇ ਦਾਅਵਾ ਕੀਤਾ ਕਿ ਇਹ ਪੰਜਾਬ ਦਾ ਪਹਿਲਾ ਸਰਕਾਰੀ ਸਪੋਰਟਸ ਪਾਰਕ ਹੋਵੇਗਾ ਜਿੱਥੇ ਸੀਨੀਅਰ ਨਾਗਰਿਕਾਂ ਨੇ ਵੀ ਕ੍ਰਿਕਟ ਖੇਡਣ ਦੀ ਇੱਛਾ ਪ੍ਰਗਟਾਈ ਹੈ ਅਤੇ ਉਹ ਆਪਣੀ ਸਹੂਲਤ ਅਨੁਸਾਰ ਇੱਥੇ ਹੋਣ ਵਾਲੀਆਂ ਖੇਡ ਗਤੀਵਿਧੀਆਂ ਵ

ਵਿਜੇਂਦਰ ਗੁਪਤਾ ਨੇ ਨੇਵਾ ਸੇਵਾ ਕੇਂਦਰ ਦਾ ਉਦਘਾਟਨ ਕੀਤਾ

ਕੌਮੀ ਪਤ੍ਰਿਕਾ

ਨਵੀਂ ਦਿੱਲੀ, 21 ਜੁਲਾਈ: ਡਿਜੀਟਾਈਜ਼ੇਸ਼ਨ ਅਤੇ ਵਿਧਾਨਕ ਕੰਮ ਦੀ ਪਾਰਦਰਸ਼ਤਾ ਨੂੰ ਉਤਸ਼ਾਹਿਤ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਚੁੱਕਦੇ ਹੋਏ, ਦਿੱਲੀ ਵਿਧਾਨ ਸਭਾ ਦੇ ਸਪੀਕਰ ਵਿਜੇਂਦਰ ਗੁਪਤਾ ਨੇ ਅੱਜ ਦਿੱਲੀ ਵਿਧਾਨ ਸਭਾ ਅਹਾਤੇ ਵਿੱਚ ਰਾਸ਼ਟਰੀ ਈ-ਵਿਧਾਨ ਐਪਲੀਕੇਸ਼ਨ (NeVA) ਸੇਵਾ ਕੇਂਦਰ ਦਾ ਉਦਘਾਟਨ ਕੀਤਾ ਅਤੇ NeVA ਦੇ ਪਹਿਲੇ ਪੜਾਅ ਦੀ ਸਫਲਤਾ ਨੂੰ ਰੇਖਾਂਕਿਤ ਕੀਤਾ। ਇਸ ਮੌਕੇ 'ਤੇ ਬੋਲਦਿਆਂ, ਸ਼੍ਰੀ ਗੁਪਤਾ ਨੇ ਕਿਹਾ, ÷ਨੇਵਾ ਸੇਵਾ ਕੇਂਦਰ ਦਾ ਉਦਘਾਟਨ ਅਤੇ ਨੇਵਾ ਦੇ ਪਹਿਲੇ ਪੜਾਅ ਦੀ ਸਫਲਤਾ ਇੱਕ ਡਿਜੀਟਲ ਅਤੇ ਪਾਰਦਰਸ਼ੀ ਵਿਧਾਨ ਸਭਾ ਪ੍ਰਤੀ ਸਾਡੀ ਵਚਨਬੱਧਤਾ ਨੂੰ ਦਰਸਾਉਂਦੀ ਹੈ। ਇਹ ਪਹਿਲ ਪ੍ਰਧਾਨ ਮੰਤਰੀ ਦੇ 'ਡਿਜੀਟਲ ਇੰਡੀਆ', ਕਾਗਜ਼ ਰਹਿਤ ਸ਼ਾਸਨ ਅਤੇ 'ਇੱਕ ਰਾਸ਼ਟਰ, ਇੱਕ ਐਪਲੀਕੇਸ਼ਨ' ਦੇ ਦ੍ਰਿਸ਼ਟੀਕੋਣ ਦੇ ਅਨੁਸਾਰ ਹੈ। ਇਹ ਮੰਦਭਾਗਾ ਹੈ ਕਿ ਪਿਛਲੀਆਂ ਸਰਕਾਰਾਂ ਨੇ ਇਸ ਦਿਸ਼ਾ ਵਿੱਚ ਕੋਈ ਠੋਸ ਯਤਨ ਨਹੀਂ ਕੀਤੇ। ਨੇਵਾ ਰਾਹੀਂ, ਅਸੀਂ ਹੁਣ ਉਸ ਪਾੜੇ ਨੂੰ ਭਰ ਰਹੇ ਹਾਂ ਅਤੇ ਇੱਕ ਜਵਾਬਦੇਹ ਅਤੇ ਆਧੁਨਿਕ ਵਿਧਾਨ ਪ੍ਰਣਾਲੀ ਵੱਲ ਵਧ ਰਹੇ ਹਾਂ।÷ ਵਿਧਾਇਕਾਂ ਦੇ ਪਹਿਲੇ ਬੈਚ ਨੇ ਸਿਖਲਾਈ ਪ੍ਰੋਗਰਾਮ ਵਿੱਚ ਸਰਗਰਮੀ ਨਾਲ ਹਿੱਸਾ ਲਿਆ ਅਤੇ ਐਪਲੀਕੇਸ਼ਨ ਦੇ ਕੰਮਕਾਜ ਵਿੱਚ ਡੂੰਘੀ ਦਿਲਚਸਪੀ ਦਿਖਾਈ। ਹਰੇਕ ਮੈਂਬਰ ਨੂੰ NeVA ਐਪਲੀਕੇਸ਼ਨ ਦੇ ਨਾਲ ਇੱਕ ਸਮਾਰਟਫੋਨ ਦਿੱਤਾ ਗਿਆ ਸੀ ਤਾਂ ਜੋ ਉਹ ਏਜੰਡਾ, ਪ੍ਰਸ਼ਨ, ਦਸਤਾਵੇਜ਼ ਅਤੇ ਸੈਸ਼ਨ ਨਾਲ ਸਬੰਧਤ ਜਾਣਕਾਰੀ ਤੱਕ ਆਸਾਨੀ ਨਾਲ ਪਹੁੰਚ ਕਰ ਸਕਣ। ਮਾਣਯੋਗ ਮੈਂਬਰਾਂ ਨੇ ਇਸ ਪਹਿਲਕਦਮੀ ਦੀ ਸ਼ਲਾਘਾ ਕੀਤੀ ਅਤੇ ਇਸਨੂੰ ਵਿਧਾਨਕ ਕੰਮ ਦੀ ਕੁਸ਼ਲਤਾ ਵਿੱਚ ਸੁਧਾਰ ਕਰਨ ਵੱਲ ਇੱਕ ਲਾਭਦਾਇਕ ਕਦਮ ਦੱਸਿਆ। 21 ਜੁਲਾਈ ਤੋਂ 23 ਜੁਲਾਈ 2025 ਤੱਕ ਹੋਣ ਵਾਲੇ ਇਸ ਤਿੰਨ-ਦਿਨਾ ਸਿਖਲਾਈ ਪ੍ਰੋਗਰਾਮ ਦਾ ਉਦੇਸ਼ ਵਿਧਾਇਕਾਂ ਨੂੰ NeVA ਪਲੇਟਫਾਰਮ ਦੇ ਸਾਧਨਾਂ ਅਤੇ ਕਾਰਜਸ਼ੀਲਤਾਵਾਂ ਬਾਰੇ ਵਿਹਾਰਕ ਜਾਣਕਾਰੀ ਪ੍ਰਦਾਨ ਕਰਨਾ ਹੈ ਤਾਂ ਜੋ ਉਹ ਆਉਣ ਵਾਲੇ ਮਾਨਸੂਨ ਸੈਸ਼ਨ ਵਿੱਚ ਪ੍ਰਭਾਵਸ਼ਾਲੀ ਢੰਗ ਨਾਲ ਹਿੱਸਾ ਲੈ ਸਕਣ ਅਤੇ ਇੱਕ ਕਾਗਜ਼ ਰਹਿਤ ਪ੍ਰਣਾਲੀ ਵਿੱਚ ਸੁਚਾਰੂ ਢੰਗ ਨਾਲ ਤਬਦੀਲੀ ਕਰ ਸਕਣ। ਸੰਸਦੀ ਮਾਮਲਿਆਂ ਦੇ ਮੰਤਰਾਲੇ (MoPA) ਦੇ ਮਾਹਰ ਟ?ਰੇਨਰਾਂ ਨੇ ਵਿਧਾਇਕਾਂ ਦੇ ਪਹਿਲੇ ਬੈਚ ਲਈ ਇੱਕ ਵਿਹਾਰਕ ਅਤੇ ਵਿਸਤ੍ਰਿਤ ਸਿਖਲਾਈ ਪ੍ਰੋਗਰਾਮ ਦਾ ਆਯੋਜਨ ਕੀਤਾ। ਤਿੰਨ ਦਿਨਾਂ ਦੀ ਸਿਖਲਾਈ ਛੇ ਬੈਚਾਂ ਵਿੱਚ ਲੜੀਵਾਰ ਕਰਵਾਈ ਜਾ ਰਹੀ ਹੈ ਤਾਂ ਜੋ ਹਰੇਕ ਮੈਂਬਰ ਲਈ ਵਿਅਕਤੀਗਤ ਅਤੇ ਕੇਂਦ੍ਰਿਤ ਸਿਖਲਾਈ ਨੂੰ ਯਕੀਨੀ ਬਣਾਇਆ ਜਾ ਸਕੇ। ਡਿਜੀਟਲ ਪਰਿਵਰਤਨ ਨੂੰ ਸਸ਼ਕਤ ਬਣਾਉਣ ਲਈ, ਨਵੇਂ ਸਥਾਪਿਤ ਨੇਵਾ ਸੇਵਾ ਕੇਂਦਰ ਵਿੱਚ 18 ਹਾਈ-ਸਪੀਡ ਕੰਪਿਊਟਰ ਸਥਾਪਤ ਕੀਤੇ ਗਏ ਹਨ, ਜੋ ਨਿਰੰਤਰ ਸਿਖਲਾਈ ਅਤੇ ਡਿਜੀਟਲ ਜਾਣ-ਪਛਾਣ ਲਈ ਬਿਹਤਰ ਸਹੂਲਤ ਪ੍ਰਦਾਨ ਕਰਦੇ ਹਨ। ਇਸ ਮੌਕੇ ਚੀਫ਼ ਵ?ਹਿਪ ਸ਼੍ਰੀ ਅਭੈ ਵਰਮਾ ਵੀ ਮੌਜੂਦ ਸਨ। ਇਹ ਪਹਿਲ ਦਿੱਲੀ ਵਿਧਾਨ ਸਭਾ ਦੇ ਆਧੁਨਿਕ, ਜਵਾਬਦੇਹ ਅਤੇ ਨਾਗਰਿਕ-ਕੇਂਦ੍ਰਿਤ ਵਿਧਾਨਕ ਪਰੰਪਰਾਵਾਂ ਨੂੰ ਅਪਣਾਉਣ ਦੇ ਸਰਗਰਮ ਦ੍ਰਿਸ਼ਟੀਕੋਣ ਨੂੰ ਦਰਸਾਉਂਦੀ ਹੈ। ਜਿਵੇਂ-ਜਿਵੇਂ ਸਿਖਲਾਈ ਪ੍ਰੋਗਰਾਮ ਅੱਗੇ ਵਧਦਾ ਹੈ, ਹੋਰ ਵਿਧਾਇਕ ਡਿਜੀਟਲ ਤੌਰ 'ਤੇ ਸਸ਼ਕਤ ਹੋਣਗੇ, ਜਿਸ ਨਾਲ ਵਿਧਾਨਕ ਪ੍ਰਕਿਰਿਆਵਾਂ ਦੀ ਪਾਰਦਰਸ਼ਤਾ ਅਤੇ ਪ੍ਰਭਾਵਸ਼ੀਲਤਾ ਹੋਰ ਵਧੇਗੀ।

ਕਹਿਰ ਓ ਰੱਬ ! ਭਰਾ ਨਾਲ ਮੋਟਰਸਾਈਕਲ 'ਤੇ ਪੇਕੇ ਘਰ ਸਾਉਣ ਕੱਟਣ ਜਾ ਰਹੀ ਭੈਣ ਦੀ ਮੌਤ

ਮੋਗਾ 21 ਜੁਲਾਈ। ਬੀਤੀ ਦੇਰ ਸ਼ਾਮ ਮੋਗਾ ਦੇ ਬਾਘਾਪੁਰਾਣਾ ਵਿਚ ਭਿਆਨਕ ਹਾਦਸਾ ਵਾਪਰ ਗਿਆ, ਜਿਸ ਵਿਚ ਭਰਾ ਨਾਲ ਮੋਟਰਸਾਈਕਲ ਤੇ ਜਾ ਰਹੀ ਭੈਣ ਦੀ ਦਰਦਨਾਕ ਮੌਤ ਹੋ ਗਈ। ਇਹ ਹਾਦਸਾ ਟਿੱਪਰ ਵੱਲੋਂ ਮੋਟਰਸਾਈਕਲ ਨੂੰ ਟੱਕਰ ਮਾਰਣ ਕਾਰਣ ਵਾਪਰਿਆ। ਹਾਦਸੇ ਵਿਚ ਭੈਣ ਦੀ ਮੌਤ ਹੋ ਗਈ ਜਦਕਿ ਭਰਾ ਦਾ ਵਾਲ-ਵਾਲ ਬਚਾਅ ਹੋ ਗਿਆ। ਮ੍ਰਿਤਕਾ ਦੀ ਪਛਾਣ ਜੋਤੀ ਵਜੋਂ ਹੋਈ ਹੈ, ਜੋ ਸਾਉਣ ਦਾ ਮਹੀਨਾ ਮਨਾਉਣ ਲਈ ਆਪਣੇ ਭਰਾ ਨਾਲ ਪੇਕੇ ਜਾ ਰਹੀ ਸੀ। ਪੁਲਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਇਸ ਹਾਦਸੇ ਵਿਚ ਹੋਰ ਵੀ ਦਰਦਨਾਕ ਗੱਲ ਇਹ ਵੀ ਹੈ ਕਿ ਮ੍ਰਿਤਕ ਜੋਤੀ ਗਰਭਵਤੀ ਸੀ। ਜਾਣਕਾਰੀ ਮੁਤਾਬਕ ਮੋਗਾ ਦੀ ਰਹਿਣ ਵਾਲੀ ਜੋਤੀ ਦਾ ਵਿਆਹ ਕੁਝ ਸਮਾਂ ਪਹਿਲਾਂ ਹੀ ਕੋਟਕਪੂਰਾ ਵਿਖੇ ਹੋਇਆ ਸੀ, ਜੋਤੀ ਬੀਤੀ ਰਾਤ ਆਪਣੇ ਭਰਾ ਨਾਲ ਮੋਟਰਸਾਈਕਲ ਤੇ ਸਵਾਰ ਹੋ ਕੇ ਆਪਣੇ ਪੇਕੇ ਘਰ ਸਾਉਣ ਦਾ ਮਹੀਨਾ ਕੱਟਣ ਜਾ ਰਹੀ ਸੀ। ਜਿਵੇਂ ਹੀ ਉਹ ਬਾਘਾਪੁਰਾਣਾ ਕੋਲ ਪਹੁੰਚੇ ਤਾਂ ਤੇਜ਼ ਰਫ਼ਤਾਰ ਟਿੱਪਰ ਨੇ ਉਨ੍ਹਾਂ ਦੇ ਮੋਟਰਸਾਈਕਲ ਨੂੰ ਪਿੱਛੋਂ ਟੱਕਰ ਮਾਰ ਦਿੱਤੀ। ਟੱਕਰ ਕਾਰਣ ਜੋਤੀ ਗੰਭੀਰ ਜ਼ਖਮੀ ਹੋ ਗਈ, ਜਿਸ ਨੇ ਹਸਪਤਾਲ ਪਹੁੰਚਣ ਤੋਂ ਪਹਿਲਾਂ ਹੀ ਦਮ ਤੋੜ ਦਿੱਤਾ। ਪੁਲਸ ਨੇ ਲਾਸ਼ ਨੂੰ ਕਬਜ਼ੇ ਵਿਚ ਲੈ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਕੈਨੇਡਾ ਭੇਜਣ ਦੇ ਨਾਂ 'ਤੇ 6.5 ਲੱਖ ਦੀ ਠੱਗੀ

ਲੁਧਿਆਣਾ 21 ਜੁਲਾਈ। ਵਿਦੇਸ਼ ਭੇਜਣ ਦੇ ਨਾਂ 'ਤੇ ਧੋਖਾਦੇਹੀ ਦਾ ਇਕ ਨਵਾਂ ਮਾਮਲਾ ਸਾਹਮਣੇ ਆਇਆ ਹੈ, ਜਿਸ 'ਚ 3 ਲੋਕਾਂ ਨੇ ਕੈਨੇਡਾ ਦਾ ਵੀਜ਼ਾ ਦਿਵਾਉਣ ਦਾ ਵਾਅਦਾ ਕਰ ਕੇ ਇਕ ਪਰਿਵਾਰ ਨਾਲ 6 ਲੱਖ 50 ਹਜ਼ਾਰ ਰੁਪਏ ਦੀ ਠੱਗੀ ਮਾਰ ਲਈ। ਮੋਤੀ ਨਗਰ ਥਾਣੇ 'ਚ 3 ਮੁਲਜ਼ਮਾਂ ਵਿਰੁੱਧ ਮਾਮਲਾ ਦਰਜ ਕੀਤਾ ਗਿਆ ਹੈ। ਦੋਸ਼ੀਆਂ ਦੀ ਪਛਾਣ ਜਤਿੰਦਰ ਕੁਮਾਰ ਨਿਵਾਸੀ ਮਠਾਰੂ ਚੌਕ ਸ਼ਿਮਲਾਪੁਰੀ, ਬਲਜੀਤ ਸਿੰਘ ਆਕਸਫੋਰਡ ਵੀਜ਼ਾ ਦਫਤਰ ਸਮਰਾਲਾ ਚੌਕ, ਪ੍ਰੀਤਮ ਸਿੰਘ ਆਕਸਫੋਰਡ ਵੀਜ਼ਾ ਦਫਤਰ ਸਮਰਾਲਾ ਚੌਕ ਵਜੋਂ ਹੋਈ ਹੈ। ਸ਼ਿਕਾਇਤਕਰਤਾ ਨੇ ਦੋਸ਼ ਲਗਾਇਆ ਹੈ ਕਿ ਨਾ ਤਾਂ ਉਸ ਦਾ ਵੀਜ਼ਾ ਲਗਵਾਇਆ ਅਤੇ ਨਾ ਹੀ ਪੈਸੇ ਵਾਪਸ ਕੀਤੇ ਗਏ। ਸ਼ਿਕਾਇਤਕਰਤਾ ਸੁਰਿੰਦਰ ਕੁਮਾਰ ਨਿਵਾਸੀ ਮੁਹੱਲਾ ਬਾਬਾ ਦੀਪ ਸਿੰਘ ਨਗਰ ਗਿੱਲ ਨੇ ਪੁਲਸ ਨੂੰ ਦੱਸਿਆ ਕਿ ਦੋਸ਼ੀ ਵਿਅਕਤੀਆਂ ਨੇ ਉਸ ਨੂੰ ਭਰੋਸਾ ਦਿੱਤਾ ਕਿ ਉਹ ਉਸ ਦੀ ਧੀ ਪ੍ਰਿਯੰਕਾ ਸ਼ਰਮਾ ਅਤੇ ਉਸ ਦੇ ਪੁੱਤਰ ਮੰਨਤ ਨੂੰ ਕੈਨੇਡਾ ਭੇਜ ਦੇਣਗੇ। ਇਸ ਕੰਮ ਦੇ ਬਦਲੇ ਮੁਲਜ਼ਮਾਂ ਨੇ ਕੁੱਲ 6 ਲੱਖ 50 ਹਜ਼ਾਰ ਰੁਪਏ ਲੈ ਲਏ ਪਰ ਵੀਜ਼ਾ ਨਹੀਂ ਲਗਵਾਇਆ। ਜਦੋਂ ਸੁਰਿੰਦਰ ਕੁਮਾਰ ਨੇ ਪੈਸੇ ਵਾਪਸ ਮੰਗੇ ਤਾਂ ਉਸ ਨੂੰ ਲਗਾਤਾਰ ਝੂਠੇ ਭਰੋਸੇ ਦਿੱਤੇ ਗਏ ਅਤੇ ਟਾਲ-ਮਟੋਲ ਕੀਤੀ ਗਈ। ਪੁਲਸ ਨੇ ਮਾਮਲੇ ਦੀ ਜਾਂਚ ਕਰ ਰਹੀ ਹੈ।

ਪੀ. ਜੀ. ਆਈ. 'ਚ ਖ਼ਤਮ ਹੋਵੇਗਾ ਡੀ. ਸੀ. ਰੇਟ ਦਾ ਯੁੱਗ, ਠੇਕਾ ਮੁਲਾਜ਼ਮਾਂ ਨੂੰ ਮਿਲੇਗਾ ਬਕਾਇਆ

ਚੰਡੀਗੜ੍ਹ 21 ਜੁਲਾਈ। ਪੀ. ਜੀ. ਆਈ. ਦੇ ਹਜ਼ਾਰਾਂ ਠੇਕਾ ਕਰਮਚਾਰੀਆਂ ਲਈ ਇੱਕ ਇਤਿਹਾਸਕ ਦਿਨ ਆ ਗਿਆ ਹੈ। ਲੰਬੇ ਸੰਘਰਸ਼ ਅਤੇ ਨਿਰੰਤਰ ਯਤਨਾਂ ਤੋਂ ਬਾਅਦ ਹੁਣ ਸਮਾਂ ਆ ਗਿਆ ਹੈ ਕਿ ਡੀ.ਸੀ. ਰੇਟ 'ਤੇ ਮਿਲਣ ਵਾਲੀ ਮਜ਼ਦੂਰੀ ਦੀ ਪ੍ਰਣਾਲੀ ਨੂੰ ਅਲਵਿਦਾ ਕਿਹਾ ਜਾਵੇ। ਕੇਂਦਰ ਸਰਕਾਰ ਨੇ ਇੱਕੋ ਜਿਹੀਆਂ ਉਜਰਤਾਂ ਲਾਗੂ ਕਰਨ ਨੂੰ ਮਨਜ਼ੂਰੀ ਦੇ ਦਿੱਤੀ ਹੈ, ਜਿਸ ਦੇ ਤਹਿਤ ਕਰੀਬ 3500 ਠੇਕਾ ਕਾਮਿਆਂ ਨੂੰ ਅੰਸਤਨ



7000 ਰੁਪਏ ਪ੍ਰਤੀ ਮਹੀਨਾ ਤਨਖ਼ਾਹ ਵਾਧਾ ਅਤੇ 19 ਮਹੀਨਿਆਂ ਦੇ ਬਕਾਏ (ਕੁੱਲ 50 ਕਰੋੜ ਰੁਪਏ) ਮਿਲਣਗੇ। 6 ਦਸੰਬਰ 2024 ਨੂੰ ਪੀ. ਜੀ. ਆਈ. ਪ੍ਰਸ਼ਾਸਨ ਦੀ ਅੱਠਵੀਂ ਪਟੀਸ਼ਨ ਕੇਂਦਰੀ ਸਲਾਹਕਾਰ ਕੰਟਰੈਕਟ ਲੇਬਰ ਬੋਰਡ (ਸੀ.ਏ.ਸੀ.ਐੱਲ.ਬੀ.) ਦੇ ਸਾਹਮਣੇ ਰੱਖੀ ਗਈ ਸੀ, ਜਿਸ ਵਿਚ ਉਨ੍ਹਾਂ ਨੂੰ 13 ਜਨਵਰੀ 2024 ਤੋਂ 12 ਜਨਵਰੀ 2026 ਤੱਕ ਦੁਬਾਰਾ ਛੋਟ ਦੇਣ ਦੀ ਅਪੀਲ ਕੀਤੀ ਗਈ ਸੀ। ਬੋਰਡ ਨੇ 9 ਅਕਤੂਬਰ 2018 ਨੂੰ ਦੋ ਸਾਲਾਂ ਦੀ ਛੋਟ ਨੂੰ ਇਸ ਸ਼ਰਤ 'ਤੇ ਮਨਜ਼ੂਰੀ ਦੇ ਦਿੱਤੀ ਸੀ ਕਿ ਠੇਕਾ ਕਰਮਚਾਰੀਆਂ ਨੂੰ ਸਥਾਈ ਕਰਮਚਾਰੀਆਂ ਦੇ ਬਰਾਬਰ ਤਨਖ਼ਾਹ ਅਤੇ ਸਹੂਲਤਾਂ ਮਿਲਣਗੀਆਂ ਪਰ ਇਸ ਨਿਯਮ ਨੂੰ ਲਾਗੂ ਕਰਨ ਵਿਚ ਦੇਰੀ ਹੋਈ। ਇਸ ਪ੍ਰਕਿਰਿਆ ਨੂੰ ਤੇਜ਼ ਕਰਨ ਵਿਚ ਸਾਂਝੀ ਐਕਸ਼ਨ ਕਮੇਟੀ (ਜੇ. ਏ. ਸੀ.) ਅਤੇ ਭਾਰਤੀ ਮਜ਼ਦੂਰ ਸੰਘ (ਬੀ. ਐੱਮ. ਐੱਸ.) ਨੇ ਸਰਗਰਮ ਭੂਮਿਕਾ ਨਿਭਾਈ। ਜਦੋਂ ਕਿਰਤ ਮੰਤਰਾਲੇ ਨੇ ਨੋਟੀਫਿਕੇਸ਼ਨ ਨੂੰ ਪਿਛਲੇ ਸਮੇਂ ਤੋਂ ਲਾਗੂ ਕਰਨ ਵਿਚ ਕਾਨੂੰਨੀ ਰੁਕਾਵਟਾਂ ਦਾ ਹਵਾਲਾ ਦਿੱਤਾ, ਤਾਂ ਜੇ.ਏ.ਸੀ. ਨੇ ਸਿੱਧੇ ਕੇਂਦਰੀ ਕਾਨੂੰਨ ਮੰਤਰੀ ਨਾਲ ਸੰਪਰਕ ਕੀਤਾ ਅਤੇ ਸਹਾਇਤਾ ਦੀ ਮੰਗ ਕੀਤੀ। ਲਗਾਤਾਰ ਫਾਲੋ-ਅਪ ਤੋਂ ਬਾਅਦ ਕਾਨੂੰਨ ਮੰਤਰਾਲੇ ਨੇ 16 ਜੁਲਾਈ ਨੂੰ ਆਪਣੀ ਮਨਜ਼ੂਰੀ ਦੇ ਦਿੱਤੀ। ਜੈਕ ਦੇ ਚੇਅਰਮੈਨ ਅਸ਼ਵਨੀ ਕੁਮਾਰ ਮੁੰਜਾਲ ਨੇ ਇਸਨੂੰ ਠੇਕਾ ਕਰਮਚਾਰੀਆਂ ਦੇ ਮਾਣ ਅਤੇ ਅਧਿਕਾਰਾਂ ਲਈ ਇੱਕ ਇਤਿਹਾਸਕ ਜਿੱਤ ਦੱਸਿਆ ਅਤੇ ਕਿਹਾ ਕਿ ਇਹ ਸਿਰਫ਼ ਇੱਕ ਸ਼ੁਰੂਆਤ ਹੈ ਅਤੇ ਕਰਮਚਾਰੀਆਂ ਦੇ ਅਧਿਕਾਰਾਂ ਲਈ ਲੜਾਈ ਭਵਿੱਖ ਵਿਚ ਵੀ ਜਾਰੀ ਰਹੇਗੀ।

'ਏਕ ਪੇੜ ਮਾਂ ਕੇ ਨਾਮ' ਮੁਹਿੰਮ ਤਹਿਤ, ਰਾਜਧਾਨੀ ਵਿੱਚ 70 ਥਾਵਾਂ 'ਤੇ ਇੱਕੋ ਸਮੇਂ ਰੁੱਖ ਲਗਾਉਣ ਦਾ ਕੰਮ ਚੱਲ ਰਿਹਾ ਹੈ: ਸਿਰਸਾ

ਕੌਮੀ ਪਤ੍ਰਿਕਾ
ਆਸ਼ੀਸ਼ ਸ਼ੁਕਲਾ

ਨਵੀਂ ਦਿੱਲੀ, 21 ਜੁਲਾਈ: ਵਣ ਮਹੋਤਸਵ 2025 ਦੇ ਹਿੱਸੇ ਵਜੋਂ ਕੱਲ੍ਹ ਦਿੱਲੀ ਵਿੱਚ ਇੱਕ ਵਿਸ਼ੇਸ਼ ਰੁੱਖ ਲਗਾਉਣ ਦਾ ਪ੍ਰੋਗਰਾਮ ਆਯੋਜਿਤ ਕੀਤਾ ਗਿਆ ਜਿਸ ਵਿੱਚ ਧਾਰਮਿਕ ਆਗੂਆਂ ਅਤੇ ਸੁਪਰੀਮ ਕੋਰਟ ਬਾਰ ਕੌਂਸਲ ਦੇ ਮੈਂਬਰਾਂ ਨੇ ਸ਼ਿਰਕਤ ਕੀਤੀ। ਇਹ ਪ੍ਰੋਗਰਾਮ 'ਏਕ ਪੇੜ ਮਾਂ ਕੇ ਨਾਮ' ਮੁਹਿੰਮ ਦੇ ਤਹਿਤ ਦਿੱਲੀ ਰਿਜ ਦੇ ਪੀਬੀਜੀ ਗਰਾਊਂਡ ਵਿੱਚ ਆਯੋਜਿਤ ਕੀਤਾ ਗਿਆ। ਇਸ ਪਹਿਲਕਦਮੀ ਦੀ ਅਗਵਾਈ ਦਿੱਲੀ ਸਰਕਾਰ ਦੇ ਮਾਨਯੋਗ ਵਾਤਾਵਰਣ ਮੰਤਰੀ ਮਨਜਿੰਦਰ ਸਿੰਘ ਸਿਰਸਾ ਕਰ ਰਹੇ ਹਨ। ਇਹ ਮੁਹਿੰਮ ਇਸ ਸਮੇਂ ਦਿੱਲੀ ਵਿੱਚ 70 ਥਾਵਾਂ 'ਤੇ ਇੱਕੋ ਸਮੇਂ ਚੱਲ ਰਹੀ ਹੈ, ਜਿਸ ਵਿੱਚ ਸਾਰੇ ਧਰਮਾਂ, ਵਰਗਾਂ ਅਤੇ ਭਾਈਚਾਰਿਆਂ ਦੇ ਲੋਕ ਉਤਸ਼ਾਹ ਨਾਲ ਹਿੱਸਾ ਲੈ ਰਹੇ ਹਨ। ਇਸ ਮੌਕੇ ਗਿਆਨੀ ਜੀ (ਵਾਲਮੀਕੀ ਮੰਦਿਰ), ਸਿਧਾਰਥ ਭਾਰਦਵਾਜ ਜੀ (ਕਾਲਕਾ ਜੀ ਮੰਦਿਰ), ਵਿਨੋਦ ਮਿਸ਼ਰਾ ਜੀ (ਬਿਰਲਾ ਮੰਦਿਰ), ਡਾ: ਜਯੋਤਿੰਦਰ ਐਮ. ਦਵੇ ਅਤੇ ਡਾ: ਮਦਨ ਮੋਹਨ ਪਾਂਡੇ (ਅੱਖਰਧਾਮ ਮੰਦਿਰ), ਸਿੰਘ ਸਾਹਿਬ ਗਿਆਨੀ ਰਣਜੀਤ ਸਿੰਘ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਮੇਤ ਕਈ ਪਤਵੰਤੇ ਸ. (ਸ਼ੀਸ਼ਗੰਜ ਸਾਹਿਬ ਗੁਰਦੁਆਰਾ), ਵਿਕਾਸ ਸਿੰਘ ਜੀ (ਪ੍ਰਧਾਨ, ਸੁਪਰੀਮ ਕੋਰਟ ਬਾਰ ਐਸੋਸੀਏਸ਼ਨ), ਪ੍ਰਗਿਆ ਬਘੇਲ ਜੀ (ਸਕੱਤਰ, ਬਾਰ ਐਸੋਸੀਏਸ਼ਨ) ਅਤੇ ਸੀਨੀਅਰ ਐਡਵੋਕੇਟ ਅਲੋਕ ਧੀਰ ਜੀ ਨੇ ਆਪਣੀਆਂ ਮਾਤਾਵਾਂ ਦੀ ਯਾਦ ਵਿੱਚ ਬੂਟੇ ਲਗਾਏ।

ਇਸ ਮੌਕੇ ਸਿਰਸਾ ਨੇ ਕਿਹਾ: "ਵਣ ਮਹੋਤਸਵ 2025 ਦੇ ਤਹਿਤ, ਦਿੱਲੀ ਵਿੱਚ ਹੁਣ 70 ਥਾਵਾਂ 'ਤੇ ਮੈਗਾ ਪੌਦੇ ਲਗਾਉਣ ਦੀ ਮੁਹਿੰਮ ਚੱਲ ਰਹੀ ਹੈ। ਧਾਰਮਿਕ ਗੁਰੂ ਹੋਣ ਜਾਂ ਨਿਆਂਇਕ ਅਧਿਕਾਰੀ, ਮਸ਼ਹੂਰ ਹਸਤੀਆਂ ਜਾਂ ਆਮ ਨਾਗਰਿਕ - ਹਰ ਵਰਗ ਦੇ ਲੋਕ ਸਵੈ-ਇੱਛਾ ਨਾਲ ਅੱਗੇ ਆ ਰਹੇ ਹਨ। ਮੈਂ ਸਾਰਿਆਂ ਦਾ ਧੰਨਵਾਦ ਕਰਦਾ ਹਾਂ ਅਤੇ ਹਰ ਦਿੱਲੀ ਵਾਸੀ ਨੂੰ ਇੱਕ ਰੁੱਖ ਲਗਾਉਣ ਦੀ ਅਪੀਲ ਕਰਦਾ ਹਾਂ। ਤਦ ਹੀ ਅਸੀਂ ਮਿਲ ਕੇ ਦਿੱਲੀ ਨੂੰ ਹਰਿਆ ਭਰਿਆ ਬਣਾ ਸਕਦੇ ਹਾਂ ਅਤੇ ਆਪਣੇ ਆਲੇ ਦੁਆਲੇ ਦੀ ਹਵਾ ਨੂੰ ਸਾਫ਼ ਰੱਖ ਸਕਦੇ ਹਾਂ। ਉਨ੍ਹਾਂ ਇਹ ਵੀ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਮੁੱਖ ਮੰਤਰੀ ਸ਼੍ਰੀਮਤੀ ਰੇਖਾ ਗੁਪਤਾ ਦੀ ਅਗਵਾਈ ਹੇਠ ਦਿੱਲੀ ਸਰਕਾਰ ਦਾ ਉਦੇਸ਼ ਇਸ ਮੁਹਿੰਮ ਨੂੰ ਇੱਕ ਭਾਵਨਾਤਮਕ ਅਤੇ ਜਨਤਕ ਭਾਗੀਦਾਰੀ ਲਹਿਰ ਬਣਾਉਣਾ ਹੈ। ਇਸ ਮੁਹਿੰਮ ਨੇ ਹੁਣ ਇੱਕ ਜਨ ਅੰਦੋਲਨ ਦਾ ਰੂਪ ਧਾਰਨ ਕਰ ਲਿਆ ਹੈ ਜਿਸ ਵਿੱਚ ਵਿਦਿਆਰਥੀ, ਆਰਡਬਲਯੂਏ, ਸਮਾਜਿਕ ਸੰਗਠਨ ਅਤੇ ਮਾਰਕੀਟ ਐਸੋਸੀਏਸ਼ਨ ਵੀ ਉਤਸ਼ਾਹ ਨਾਲ ਹਿੱਸਾ ਲੈ ਰਹੇ ਹਨ ਤਾਂ ਜੋ ਦਿੱਲੀ ਦੀ ਹਵਾ ਨੂੰ ਦੁਬਾਰਾ ਸ਼ੁੱਧ ਕੀਤਾ ਜਾ ਸਕੇ। ਦਿੱਲੀ ਸਰਕਾਰ ਨੇ ਇਸ ਸਾਲ ਵਾਤਾਵਰਣ ਕਾਰਜ ਯੋਜਨਾ ਦੇ ਤਹਿਤ 70 ਲੱਖ ਰੁੱਖ ਲਗਾਉਣ ਦਾ ਵਾਅਦਾ ਕੀਤਾ ਹੈ।

ਪਿੰਡ ਰਾਏਪੁਰ ਖੁਰਦ ਚ ਰਵਾਇਤੀ ਪਾਰਟੀਆਂ ਨੂੰ ਛੱਡ ਕੇ ਆਮ ਆਦਮੀ ਪਾਰਟੀ ਵਿਚ ਸ਼ਾਮਿਲ

ਜੰਡਿਆਲਾ ਗੁਰੂ, 21 ਜੁਲਾਈ: ਹਲਕਾ ਜੰਡਿਆਲਾ ਗੁਰੂ ਤੋਂ ਆਮ ਆਦਮੀ ਪਾਰਟੀ ਨੂੰ ਉਸ ਵੇਲੇ ਵੱਡੀ ਤਾਕਤ ਮਿਲੀ ਜਦੋਂ ਹਲਕੇ ਦੇ ਪ੍ਰਸਿੱਧ ਰਾਏਪੁਰ ਖੁਰਦ ਤੋਂ ਸਰਪੰਚ ਮਨਜੀਤ ਕੌਰ, ਪੰਚ ਮਾਨ ਸਿੰਘ, ਸਰਬਜੀਤ ਕੌਰ, ਸਤਿੰਦਰ ਕੌਰ, ਹਰਪ੍ਰੀਤ ਸਿੰਘ ਅਤੇ